
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 50
March 22, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪਾਵਨ ਪ੍ਰਕਾਸ਼ ਦਿਹਾੜਾ।
**ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 21 ਅਤੇ 23 'ਤੇ**




ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੀਂ ਵਰ੍ਹੇਗੰਢ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ। **ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 11 ਤੋਂ 14 ਤੱਕ**

# ਵ੍ਹਾਈਟ ਹਾਊਸ ਅੱਗੇ ਨਸਲੀ ਅਪਰਾਧਾਂ ਵਿਰੁੱਧ ਜਾਗਰੂਕਤਾ ਰੈਲੀ

**ਵਾਸ਼ਿੰਗਟਨ (ਬਿਊਰੋ)–** ਭਾਰਤੀ ਮੂਲ ਦੇ ਅਮਰੀਕੀਆਂ ਨੇ ਇੱਥੇ ਵ੍ਹਾਈਟ ਹਾਊਸ ਅੱਗੇ ਨਸਲੀ ਅਪਰਾਧਾਂ ਵਿਰੁੱਧ ਜਾਗਰੂਕਤਾ ਰੈਲੀ ਕਰ ਕੇ ਇਸ ਮਾਮਲੇ ਵਿੱਚ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਖ਼ਲ ਦੀ ਮੰਗ ਕੀਤੀ। ਭਾਰਤੀ-ਅਮਰੀਕੀ, ਖ਼ਾਸ ਤੌਰ ’ਤੇ ਹਿੰਦੂ ਤੇ ਸਿੱਖ ਇਸਲਾਮ ਦੇ ਡਰ ਕਾਰਨ ਹੁੰਦੇ ਅਪਰਾਧਾਂ ਦੇ ਪੀੜਤ ਬਣ ਰਹੇ ਹਨ। ਵਰਜੀਨੀਆ ਆਧਾਰਤ ਕਾਰਪੋਰੇਟ ਮਾਮਲਿਆਂ ਦੇ ਵਕੀਲ ਵਿੰਧੀਆ ਅਡਾਪਾ (27) ਨੇ ਵ੍ਹਾਈਟ ਹਾਊਸ ਅੱਗੇ ਕਿਹਾ ਕਿ ਹਿੰਦੂ ਹਾਲ ਹੀ ਵਿੱਚ ਇਸਲਾਮ ਦੇ ਡਰ ਕਾਰਨ ਹੁੰਦੇ ਅਪਰਾਧਾਂ ਦੇ ਸ਼ਿਕਾਰ ਬਣੇ ਹਨ। ਵੱਖ ਵੱਖ ਗਰੁੱਪਾਂ ਨਾਲ ਸਬੰਧਤ ਦਰਜਨਾਂ ਭਾਰਤੀ-ਅਮਰੀਕੀਆਂ ਨੇ ਭਾਈਚਾਰੇ ਵਿਰੁੱਧ ਨਸਲੀ ਅਪਰਾਧਾਂ ਵਿੱਚ ਹੋਏ ਵਾਧੇ ਦੇ ਮੱਦੇਨਜ਼ਰ ਸ਼ਾਂਤੀਪੂਰਨ ਪ੍ਰਦਰਸ਼ਨ ਕੀਤਾ।




ਅਡਾਪਾ ਦੇ ਮਿੱਤਰ ਤੇ ਭਾਰਤੀ-ਅਮਰੀਕੀ ਨੌਜਵਾਨ ਡਾਕਟਰ ਐਸ ਸ਼ੇਸ਼ਾਦਰੀ ਨੇ ਕਿਹਾ ਕਿ ਕੈਨਸਾਸ ਵਿੱਚ ਆਈਟੀ ਮਾਹਿਰ ਦਾ ਕਤਲ ਤੇ ਗੋਲੀਬਾਰੀ ਇਸ ਦੀ ਤਾਜ਼ਾ ਉਦਾਹਰਨ ਹੈ, ਜਿਸ ਨੂੰ ਗਲਤੀ ਨਾਲ ਅਰਬ ਤੇ ਮੁਸਲਮਾਨ ਸਮਝ ਕੇ ਗੋਲੀ ਮਾਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਉਹ ਸਮਝਦੇ ਹਨ ਕਿ ਮੌਜੂਦਾ ਸਿਆਸੀ ਮਾਹੌਲ ਹੌਲੀ ਹੌਲੀ ਹਿੰਦੂ-ਅਮਰੀਕੀਆਂ ਸਣੇ ਸਾਰੇ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਵਾਲਾ ਹੈ। ਰਾਸ਼ਟਰਪਤੀ ਨੂੰ ਇਸ ਘਟਨਾ ਦੀ ਨਿਖੇਧੀ ਕਰਨ ਦੀ ਅਪੀਲ ਕਰਦਿਆਂ ਅਡਾਪਾ ਨੇ ਕਿਹਾ, "ਅਸੀਂ ਅੱਜ ਇੱਥੇ ਨਸਲੀ ਅਪਰਾਧਾਂ ਖ਼ਾਸ ਤੌਰ ਉਤੇ ਭਾਰਤੀ ਮੂਲ ਦੇ ਲੋਕਾਂ ਵਿਰੁੱਧ ਹੋਣ ਵਾਲੇ ਨਸਲੀ ਅਪਰਾਧਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਇਕੱਠੇ ਹੋਏ ਹਾਂ। ਇਹ ਟਰੰਪ ਪ੍ਰਸ਼ਾਸਨ ਵਿਰੁੱਧ ਪ੍ਰਦਰਸ਼ਨ ਨਹੀਂ ਹੈ।’’



Shangara Ram
Realtor
CalBRE# 01969522
ELITE
REALTY SERVICES
Cell: 916.479.5587
Fax: 916. 917.5773
Office: 916.681.5112
shangararam2@gmail.com
7412 Elsie Ave, Sacramento, CA 95828


# ਸ਼ੇਰਗਿੱਲ, ਠੁਕਰਾਲ ਅਤੇ ਚਾਹਲ ਹੋਣਗੇ ਕੈਪਟਨ ਦੇ ਸਲਾਹਕਾਰ

**ਚੰਡੀਗੜ੍ਹ(ਬਿਊਰੋ)–** ਪੰਜਾਬ ਸਰਕਾਰ ਨੇ ਲੈਫਟੀਨੈਂਟ ਜਨਰਲ (ਸੇਵਾਮੁਕਤ) ਤਜਿੰਦਰ ਸਿੰਘ ਸ਼ੇਰਗਿੱਲ ਪੀ ਵੀ ਐਸ ਐਮ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਸੀਨੀਅਰ ਸਲਾਹਕਾਰ ਅਤੇ ਭਰਤਇੰਦਰ ਸਿੰਘ ਚਹਿਲ ਨੂੰ ਮੁੱਖ ਮੰਤਰੀ ਦਾ ਸਲਾਹਕਾਰ, ਸੀਨੀਅਰ ਪੱਤਰਕਾਰ ਰਵੀਨ ਠੁਕਰਾਲ ਨੂੰ ਮੁੱਖ ਮੰਤਰੀ ਦਾ ਮੀਡੀਆ ਸਲਾਹਕਾਰ ਨਿਯੁਕਤ ਕਰਕੇ ਉਨ੍ਹਾਂ ਨੂੰ ਕ੍ਰਮਵਾਰ ਕੈਬਨਿਟ ਮੰਤਰੀ ਅਤੇ ਰਾਜ ਮੰਤਰੀ ਦਾ ਦਰਜਾ ਦਿੱਤਾ ਹੈ।

ਇਨ੍ਹਾਂ ਤੋਂ ਇਲਾਵਾ ਵਿਮਲ ਸੁੰਬਲੀ ਨੂੰ ਮੁੱਖ ਮੰਤਰੀ ਦਾ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਕੈਪਟਨ ਸੰਦੀਪ ਸਿੰਘ ਸੰਧੂ, ਮੇਜਰ ਅਮਰਦੀਪ ਸਿੰਘ ਅਤੇ ਕਰਨਪਾਲ ਸਿੰਘ ਸੇਖੋਂ ਨੂੰ ਮੁੱਖ ਮੰਤਰੀ ਦਾ ਸਿਆਸੀ ਸਕੱਤਰ ਨਿਯੁਕਤ ਕੀਤਾ ਗਿਆ ਹੈ ਤੇ ਖੂਬੀ ਰਾਮ (ਸੇਵਾਮੁਕਤ ਆਈਜੀ) ਨੂੰ ਮੁੱਖ ਮੰਤਰੀ ਦਾ ਸੁਰੱਖਿਆ ਸਲਾਹਕਾਰ ਬਣਾਇਆ ਗਿਆ ਹੈ। ਇਨ੍ਹਾਂ ਨੂੰ ਮੁੱਖ ਸੰਸਦੀ ਸਕੱਤਰ ਵਾਲੀਆਂ ਤਨਖਾਹਾਂ ਤੇ ਸਹੂਲਤਾਂ ਮਿਲਣਗੀਆਂ।

ਲੈਫਟੀਨੈਂਟ ਸ਼ੇਰਗਿੱਲ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਮਿੱਤਰ ਹਨ ਤੇ ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਵਿੱਚ ਸਾਬਕਾ ਫੌਜੀਆਂ ਨੂੰ ਲਾਮਬੰਦ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਸੀਨੀਅਰ ਪੱਤਰਕਾਰ ਰਵੀਨ ਠੁਕਰਾਲ ਨੇ ਵਿਧਾਨ ਸਭਾ ਚੋਣਾਂ ਵਿੱਚ ਮੀਡੀਆ ਕਵਰੇਜ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਕੈਪਟਨ ਸੰਦੀਪ ਸਿੰਘ ਸੰਧੂ ਨੂੰ ਮੇਜਰ ਅਮਰਦੀਪ ਸਿੰਘ ਅਤੇ ਕਰਨਪਾਲ ਸੇਖੋਂ ਨੂੰ ਮੁੱਖ ਮੰਤਰੀ ਦੇ ਓਐਸਡੀ ਬਣਾਇਆ ਗਿਆ ਹੈ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP
AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538


SAROAY
INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE
REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## Kash FABRICS



### ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA BAZAAR



Jai Ram Gaught

Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com



# Raja
## SWEETS & CATERING
AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook — rajasweetsandcatering
Follow us on Twitter — rajasweets



# INDIA MARKET
## SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE — ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-338-5511
Email: IndiaMarketRoseville@gmail.com

ੴ ਸਤਿਗੁਰ ਪ੍ਰਸਾਦਿ।

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਇ। ਘਲੇ ਆਵਏ ਨਾਨਕਾ ਸਦਿ ਉਠੀ ਜਾਹਿ।।

# ਰੱਲ੍ਹ ਪਰਿਵਾਰ ਨੂੰ ਗਹਿਰਾ ਸਦਮਾ



ਗੁਰੂ ਪਿਆਰੀ ਸਾਧ ਸੰਗਤ ਜੀਓ, ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਦਿਲਬਾਗ ਚੰਦ ਰੱਲ੍ਹ ਜੀ, ਸ੍ਰੀ ਦਲਵਿੰਦਰ ਰੱਲ੍ਹ ਜੀ (ਵਾਈਸ ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ) ਦੇ ਸਤਿਕਾਰਯੋਗ ਪਿਤਾ ਜੀ ਸ੍ਰੀ ਹਰਬਲਾਸ ਰੱਲ੍ਹ ਜੀ, ਜਿਹਨਾਂ ਦਾ ਜੱਦੀ ਪਿੰਡ ਲਧਾਣਾ ਉੱਚਾ, ਤਹਿਸੀਲ ਬੰਗਾ (ਸ਼ਹੀਦ ਭਗਤ ਸਿੰਘ ਨਗਰ) ਹੈ, ਜੋ ਮਿਤੀ 18 ਮਾਰਚ 2017 ਦਿਨ ਸ਼ਨੀਵਾਰ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਸ੍ਰੀ ਹਰਬਲਾਸ ਰੱਲ੍ਹ ਜੀ ਜੋ ਕਿ ਗੁਰੂ ਘਰ ਦੇ ਅਣਥੱਕ ਸੇਵਾਦਾਰ ਸਨ। ਉਹਨਾਂ ਦੇ ਅਚਾਨਕ ਇਸ ਸੰਸਾਰ ਤੋਂ ਚਲੇ ਜਾਣ ਨਾਲ ਗੁਰੂ ਘਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

**ਦੁਖੀ ਪਰਿਵਾਰ ਨਾਲ ਸੰਪਰਕ ਕਰਨ ਲਈ ਫੋਨ ਕਰੋ:**

Dalwinder Ralh 530-933-3938

**ਪ੍ਰੋਗਰਾਮ**

ਅੰਤਿਮ ਸੰਸਕਾਰ 26 ਮਾਰਚ 2017 (ਸਮਾਂ ਸਵੇਰੇ 11 ਤੋਂ ਦੁਪਹਿਰ 1 ਵਜੇ ਤੱਕ)

Chapel of the Twin Cites

715 Shasta Street

Yuba City, CA 95991

**ਭੋਗ ਸ੍ਰੀ ਸਹਿਜ ਪਾਠ ਸਾਹਿਬ** (ਸਮਾਂ ਦੁਪਹਿਰੇ 1 ਤੋਂ 3 ਵਜੇ ਤੱਕ)

Shri Guru Ravidass Temple (Phone No 530-674-2564)

1480 Hayne Ave. Yuba City 95993


L.A. MERCHANDISE

Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250



TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਇਸਤਰੀ ਵਿੰਗ ਵਲੋਂ 2 ਅਪ੍ਰੈਲ ਨੂੰ ਹੋਣ ਵਾਲੇ ਗਦਰੀ ਬਾਬਿਆਂ ਦੇ ਮੇਲੇ ਸਬੰਧੀ ਕੀਤੀਆਂ ਵਿਚਾਰਾਂ

## ਕੌਮਾਂਤਰੀ ਮਹਿਲਾ ਦਿਵਸ ਮਨਾਇਆ



**ਫਰਿਜਨੋ (ਕੁਲਵੀਰ ਹੇਅਰ)–** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੇ ਇਸਤਰੀ ਵਿੰਗ ਵਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਅਤੇ 2 ਅਪ੍ਰੈਲ ਨੂੰ ਹੋਣ ਵਾਲੇ ਮੇਲੇ ਸਬੰਧੀ ਵਿਚ ਇਕ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਇਸ ਇਕੱਤਰਤਾ ਵਿਚ ਸਿਮਰਨ ਹੇਅਰ, ਹਰਵਿੰਦਰ ਕੋਰ ਜੋਹਲ, ਬਲਬੀਰ ਕੋਰ ਧਾਲੀਵਾਲ, ਹਰਪ੍ਰੀਤ ਕੋਰ, ਸੁੱਖੀ ਧਾਲੀਵਾਲ, ਨਵਨੀਤ ਧਾਲੀਵਾਲ, ਰਵਿੰਦਰ ਕੋਰ ਧਾਹ, ਸੁਖਵਿੰਦਰ ਕੋਰ ਢਿਲੋਂ, ਕੁਲਵਿੰਦਰ ਕੋਰ ਢਿਲੋਂ, ਹਰਜਿੰਦਰ ਕੋਰ, ਭੁਪਿੰਦਰ ਕੋਰ ਬਦੇਸ਼ਾ, ਪ੍ਰੇਮ ਕੋਰ ਢੇਸੀ, ਹਰਕਿਰਨ ਕੋਰ ਢੇਸੀ, ਨਵਨੀਤ ਕੋਰ ਢੇਸੀ, ਪਰਮਜੀਤ ਕੋਰ, ਹਰਪ੍ਰੀਤ ਕੋਰ, ਗੁਰਪ੍ਰੀਤ ਕੋਰ ਸਹੋਤਾ,ਛੋਟੀ ਬੱਚੀ ਆਂਚਲ ਹੇਅਰ ਆਦਿ ਮਹਿਲਾ ਆਗੂ ਸ਼ਾਮਿਲ ਹੋਈਆਂ। ਜਿਸ ਵਿਚ ਨਾਰੀ ਚੇਤਨਾ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਵੱਖ ਵੱਖ ਮਹਿਲਾ ਆਗੂਆਂ ਵਲੋਂ ਆਪੋ ਆਪਣੇ ਵਿਚਾਰ ਵੀ ਪੇਸ਼ ਕੀਤੇ ਗਏ। ਇਸ ਮੌਕੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ 17ਵੇਂ ਗਦਰੀ ਬਾਬਿਆਂ ਦੇ ਮੇਲੇ ਸਬੰਧੀ ਵੀ ਵਿਚਾਰਾਂ ਕੀਤੀਆਂ ਗਈਆਂ। ਯਾਦ ਰਹੇ ਕਿ ਇਸ ਵਾਰ ਦਾ 17ਵਾਂ ਮੇਲਾ ਗਦਰੀ ਬਾਬਿਆਂ ਦਾ 2 ਅਪ੍ਰੈਲ ਦਿਨ ਐਤਵਾਰ ਨਵੀਂ ਜਗ੍ਹਾ ਸੈਂਟਰਲ ਹਾਈ ਸਕੂਲ (ਈਸਟ), ਜਿਮਨੇਜ਼ੀਅਮ 3535 ਨੋਰਥ ਕਰਨੀਲੀਆ ਐਵਨਿਊ, ਫਰਿਜ਼ਨੋ, (ਕਰਨੀਲੀਆ ਅਤੇ ਡਕੋਟਾ ਦੇ ਕੌਰਨਰ 'ਤੇ) ਵਿਖੇ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਹ 17ਵਾਂ ਮੇਲਾ ਸੰਨ 1917 ਦੇ ਗਦਰੀ ਸ਼ਹੀਦਾਂ ਡਾ. ਅਰੂੜ ਸਿੰਘ, ਹਰਨਾਮ ਸਿੰਘ ਸੈਣੀ, ਬਲਵੰਤ ਸਿੰਘ ਖੁਰਦਪੁਰ, ਡਾ. ਮਥਰਾ ਸਿੰਘ, ਹਾਫਿਜ਼ ਅਬਦੁਲਾ, ਜਵੰਦ ਸਿੰਘ ਨੰਗਲ ਕਲਾਂ ਅਤੇ ਹੋਰ ਗਦਰੀਆਂ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਹੈ। ਮੇਲੇ ਦੇ ਮੁੱਖ ਮਹਿਮਾਨ 'ਤੇ ਬੁਲਾਰੇ ਪ੍ਰੋ ਨਰੰਜਨ ਸਿੰਘ ਢੇਸੀ ਸਾਬਕਾ ਮੁਖੀ ਪੰਜਾਬੀ ਵਿਭਾਗ ਖਾਲਸਾ ਕਾਲਜ ਜਲੰਧਰ ਹੋਣਗੇ।ਇਸ ਮੇਲੇ ਵਿਚ ਬੱਚਿਆਂ ਦੁਆਰਾ ਗਿੱਧਾ ਭੰਗੜਾ ਤੋਂ ਇਲਾਵਾ ਉਚ ਕੋਟੀ ਦੇ ਕਲਾਕਾਰ ਗਾਇਕਾ ਜੋਤ ਰਣਜੀਤ, ਗਾਇਕ ਧਰਮਵੀਰ ਥਾਂਦੀ, ਗਾਇਕ ਜੀਤਾ ਗਿੱਲ , ਗਾਇਕ ਹਰਜੀਤ ਸਿੰਘ ਮਰਸਿਡ ਅਤੇ ਯਮਲਾ ਜੱਟ ਦੇ ਸ਼ਾਗਿਰਦ ਗਾਇਕ ਰਾਜ ਬਰਾੜ ਵਲੋਂ ਗਦਰੀ ਬਾਬਿਆਂ ਦੇ ਇਨਕਲਾਬੀ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਪ੍ਰਸਿੱਧ ਮੰਚ ਸੰਚਾਲਿਕਾ ਆਸ਼ਾ ਸ਼ਰਮਾ ਵਲੋਂ ਸਟੇਜ ਸੰਭਾਲੀ ਜਾਵੇਗੀ ਅਤੇ ਇਸ ਮੌਕੇ ਪਹੁੰਚੇ ਹੋਏ ਉੱਚ ਕੋਟੀ ਦੇ ਬੁਲਾਰਿਆਂ ਵਲੋਂ ਦੇਸ਼ ਦੇ ਗਦਰੀ ਇਤਿਹਾਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ

# ਪੀ ਸੀ ਐਸ ਸੈਕਰਾਮੈਂਟੋ ਦਾ 28ਵਾਂ ਵਿਸਾਖੀ ਮੇਲਾ 29 ਅਪ੍ਰੈਲ ਨੂੰ

**ਸੈਕਰਾਮੈਂਟੋ (ਹਰਜਿੰਦਰ ਪੰਧੇਰ):** ਪੰਜਾਬੀ ਭਾਈਚਾਰੇ ਲਈ ਇਹ ਖੁਸ਼ੀ ਭਰੀ ਖ਼ਬਰ ਹੈ ਕਿ ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਦਾ ਸਾਲਾਨਾ ਵਿਸਾਖੀ ਮੇਲਾ ਇਸ ਵਾਰ 29 ਅਪ੍ਰੈਲ (ਦਿਨ ਸ਼ਨਿਚਰਵਾਰ) ਨੂੰ ਸ਼ਾਮ ਦੇ ਤਿੰਨ ਵਜੇ: Sheldon High School, 8833Kingsbridge Drive, Sacramento CA 95829 ਦੇ ਪਰਫਾਰਮਿੰਗ ਆਰਟ ਸੈਂਟਰਵਿੱਚ ਪਹਿਲਾਂ ਵਾਲੀ ਸਜ-ਧਜ ਦੇ ਨਾਲ ਮਨਾਇਆ ਜਾ ਰਿਹਾ ਹੈ। ਇਹ ਫੈਸਲਾ 18 ਮਾਰਚ ਨੂੰ ਇਸ ਸੰਸਥਾ ਦੇ ਹਾਜ਼ਰ ਮੈਂਬਰਾਂ ਵਲੋਂ ਐਲਕਗਰੋਵ ਵਿੱਚ ਮੈਕ ਰੋਡ ਤੇ ਚੱਲ ਰਹੇ ਮਾਊਂਟੇਨ ਮਾਈਕ ਪੀਜ਼ਾ ਵਿੱਚ ਹੋਈ ਮਟਿੰਗ ਦੌਰਾਨ ਲਿਆ ਗਿਆ। ਇਸ ਦੀ ਪ੍ਰਧਾਨਗੀ ਸ. ਰਾਜਿੰਦਰ ਪਾਲ ਸਿੰਘ ਜੀ ਕਰ ਰਹੇ ਸਨ।

ਮੀਟਿੰਗ ਦੇ ਆਰੰਭ ਵਿੱਚ ਇਸ ਸੰਸਥਾ ਦੇ ਬਾਨੀ ਸ. ਰਛਪਾਲ ਸਿੰਘ ਫਰਵਾਲਾ ਨੇ ਸਮੂਹ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਇਸ ਸੰਸਥਾ ਦੁਆਰਾ ਹੁਣ ਤਕ ਕੀਤੀਆਂ ਪ੍ਰਾਪਤੀਆਂ ਦਾ ਸੰਖੇਪ ਜ਼ਿਕਰ ਕੀਤਾ। ਉਹਨਾਂ ਦੱਸਿਆ ਕਿਸਮੇਂ ਨਾਲ ਬਦਲਦੀਆਂ ਸਮਾਜਿਕ ਤੇ ਸਭਿਆਚਾਰਕ ਪ੍ਰਸਥਿਤਿਆਂ ਦੌਰਾਨ ਨਵੀਂ ਪੀੜ੍ਹੀ ਨੂੰ ਆਪਣੇ ਅਮੋਲਕ ਪੰਜਾਬੀ ਵਿਰਸੇ ਨਾਲ ਜੋੜੀ ਰੱਖਣ ਲਈ ਇਹ ਸੰਸਥਾ ਆਪਣੇ ਸੀਮਿਤ ਸਾਧਨਾਂ ਦੇ ਬਾਵਜੂਦ ਵੀ ਕਿਵੇਂ ਲਗਾਤਾਰ ਯਤਨ ਕਰਦੀ ਆ ਰਹੀ ਹੈ। ਆਪਣੇ ਇਸ ਅਕੀਦੇ ਦੀ ਪ੍ਰਾਪਤੀ ਲਈ ਸੰਸਥਾ ਦਾ ਸਾਥ ਦੇ ਰਹੇ ਮੈਂਬਰਾਂ ਦੇ ਲਗਨ, ਸਿਦਕ ਅਤੇ ਦ੍ਰਿੜਤਾ ਦੀ ਹਮੇਸ਼ਾ ਦਾਦ ਦੇਣੀ ਬਣਦੀ ਹੈ। ਮੀਟਿੰਗ ਵਿੱਚ ਹਾਜ਼ਰ ਸਮੂਹ ਮੈਂਬਰਾਂ ਨੇ ਪ੍ਰਵਾਰਿਕ ਮਹੌਲ ਵਰਗੇ ਇਸ ਮੇਲੇ ਜਿਸ ਵਿੱਚ ਛੋਟੇ ਬੱਚੇ ਬੱਚੀਆਂ ਵੀ ਚਾਵਾਂ ਨਾਲ ਭਾਗ ਲੈਂਦੇ ਹਨ ਪ੍ਰਤੀ ਆਪਣੀ ਬੱਚਨ ਬੱਧਤਾ ਨੂੰ ਦੁਹਰਾਉਂਦਿਆਂ ਦਰਪੇਸ਼ ਮਸਲਿਆਂ ਤੇ ਖੁਲ੍ਹ ਕੇ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਦੌਰਾਨ ਸ. ਰਛਪਾਲ ਸਿੰਘ ਫਰਵਾਲਾ ਵਲੋਂ ਪਿਛਲੇ ਸਾਲ ਦੇ ਆਮਦਨ ਖ਼ਰਚ ਦਾ ਵੇਰਵਾ ਵੀ ਮੈਂਬਰਾਂ ਅੱਗੇ ਰੱਖਿਆ ਗਿਆ। ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਇਸ ਸਾਲ ਵੀ ਮੇਲੇ ਵਿੱਚ ਪਹਿਲਾਂ ਵਾਂਗ ਹੀ ਪੰਜਾਬ ਦੇ ਲੋਕ ਨਾਚ ਗਿੱਧਾ-ਭੰਗੜਾ, ਨਾਚ ਆਇਟਮਾਂ ਅਤੇ ਸਕਿਟਾਂ ਆਦਿ ਪੇਸ਼ ਕੀਤੀਆਂ ਜਾਣਗੀਆਂ। ਗੀਤ ਸੰਗੀਤ ਰਾਹੀਂ ਸਰੋਤਿਆਂ ਦਾ ਮਨੋਰੰਜਨ ਵੀ ਕੀਤਾ ਜਾਵੇਗਾ। ਪੰਜਾਬੀ ਭਾਈਚਾਰੇ ਵਿੱਚ ਉੱਘਾ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਦਾ ਮਾਣ-ਸਨਮਾਣ ਕੀਤਾ ਜਾਵੇਗਾ। ਮੇਲੇ ਲਈ ਕੋਈ ਦਾਖਲਾ ਫ਼ੀਸ ਨਹੀਂ ਹੈ। ਫਰੀ ਸਟਾਲ ਲਾਏ ਜਾਣਗੇ। ਸਕਿਊਰਟੀ ਦਾ ਪੂਰਾ ਇੰਤਜ਼ਾਮ ਹੋਵੇਗਾ। ਮੇਲੇ ਦੀ ਕਿਸੇ ਵੀ ਆਈਟਮ ਵਿੱਚ ਭਾਗ ਲੈਣ ਜਾਂ ਕਿਸੇ ਹੋਰ ਜਾਣਕਾਰੀ ਲਈ ਸ. ਰਛਪਾਲ ਸਿੰਘ ਫਰਵਾਲਾ ਨਾਲ ਇਸ ਫੋਨ: 916-880-0531 ਤੇ ਸੰਪਰਕ ਕੀਤਾ ਜਾ ਸਕਦਾ ਹੈ। ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਇਸ ਸੁਸਾਇਟੀ ਨੂੰ ਵੱਖ ਵੱਖ ਸਾਹਿਤਕ, ਸਭਿਆਚਾਰਕ ਅਤੇ ਹੋਰ ਸੰਸਥਾਵਾਂ ਵਲੋਂ ਪੂਰਾ ਸਹਿਯੋਗ ਦੇਣ ਦਾ ਫੈਸਲਾ ਕੀਤਾ ਗਿਆ ਹੈ। ਮੀਟਿੰਗ ਵਿੱਚ ਰਛਪਾਲ ਫਰਵਾਲਾ, ਹਰਜਿੰਦਰ ਪੰਧੇਰ, ਜਸਵੰਤ ਸਿੰਘ ਸ਼ਾਦ, ਰਾਜਿੰਦਰਪਾਲ ਸਿੰਘ, ਜਤਿੰਦਰ ਸਿੰਘ ਬੀਸਲਾ, ਸੁਖਦੇਵ ਸਿੰਘ ਦੇਬੀ, ਅਜੈਬ ਸਿੰਘ ਕਾਹਲੋਂ, ਲਖਵਿੰਦਰ ਸਿੰਘ, ਬਖਸ਼ੀਸ ਸਿੰਘ ਗਿੱਲ, ਮੱਖਣ ਸਿੰਘ, ਪਰਮਜੀਤ ਸਿੰਘ ਢਿਲੋਂ, ਤੀਰਥ ਸਿੰਘ ਸਹੋਤਾ, ਪ੍ਰੇਮ ਕੁਮਾਰ ਚੁੰਬਰ, ਅਵਤਾਰ ਡੌਡ, ਅਤੇ ਵਰਿੰਦਰ ਸਿੰਘ ਆਦਿ ਨੇ ਭਾਗ ਲਿਆ। **(ਵਲੋਂ: ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ)**




# ਗੁਰੂਸਰ ਸੁਧਾਰ ਦੀਆਂ ਵਿਦਿਅਕ ਸੰਸਥਾਵਾ ਦੇ ਬਾਨੀ ਨਿਹੰਗ ਬਾਬਾ ਸਮਸ਼ੇਰ ਸਿੰਘ ਜੀ ਦੀ ਬਰਸੀ 2 ਅਪ੍ਰੈਲ ਨੂੰ ਫਰਿਜ਼ਨੋ ਵਿਖੇ ਮਨਾਈ ਜਾਵੇਗੀ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਐਕਸ਼ ਸਟੂਡੈਂਟ ਐਸ਼ੋਸ਼ੀਏਸ਼ਨ ਜੀ. ਐਚ. ਜੀ. ਖਾਲਸ਼ਾ ਕਾਲਜ਼ ਦੇ ਵਿਦਿਆਰਥੀਆਂ ਦੀ ਇਕ ਵਿਸ਼ੇਸ਼ ਮੀਟਿੰਗ ਫਰਿਜ਼ਨੋ ਵਿਖੇ ਹੋਈ। ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੀ ਧਰਤੀ ਦੇ ਜਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਗੁਰੂਸਰ ਸੁਧਾਰ ਦੀਆਂ "ਗੁਰੂ ਹਰਗੋਬਿੰਦ ਸਾਹਿਬ ਜੀ" (ਜੀ. ਐਚ. ਜੀ. ਖਾਲਸਾ ਕਾਲਜ਼ ਅਤੇ ਹੋਰ ਅਦਾਰੇ) ਦੇ ਨਾਂ ਹੇਠ ਚਲ ਰਹੀਆਂ ਸਮੂੰਹ ਵਿਦਿਅਕ ਸੰਸਥਾਵਾ ਦੇ ਬਾਨੀ ਨਿਹੰਗ ਬਾਬਾ ਸਮਸੇਰ ਸਿੰਘ ਬ੍ਰਹਮ ਗਿਆਨੀ ਜੀ ਦੀ ਸਲਾਨਾ ਬਰਸੀ ਹਰ ਸਾਲ ਦੀ ਤਰ੍ਹਾਂ ਇਸ ਸਾਲ 2 ਅਪ੍ਰੈਲ 2017, ਦਿਨ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ, ਕੈਲੀਫੋਰਨੀਆਂ (ਨਜ਼ਦੀਕ ਫਰੀਵੇ 99 ਅਤੇ ਸ਼ਾਅ ਐਵਨਿਊ) ਵਿਖੇ ਮਨਾਈ ਜਾਵੇਗੀ। ਗੁਰੂਘਰ ਦਾ ਪਤਾ "4827 N Parkway Dr, Fresno, CA 93722" ਹੈ। ਇਸ ਦਿਨ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਗੁਰਮਤਿ ਸਮਾਗਮ ਹੋਵੇਗਾ। ਜਿਸ ਵਿੱਚ ਗੁਰੂਘਰ ਦੇ ਹਜ਼ੂਰੀ ਜੱਥੇ ਤੋਂ ਇਲਾਵਾ ਹੋਰ ਬਹੁਤ ਸਾਰੇ ਗੁਰੂਸ਼ਰ ਸੁਧਾਰ ਦੀਆਂ ਵਿਦਿਅਕ ਸੰਸਥਾਵਾ ਨਾਲ ਸੰਬੰਧਤ ਬੁਲਾਰੇ ਅਤੇ ਬੁੱਧੀਜੀਵੀ ਹਾਜ਼ਰੀਆਂ ਭਰਨਗੇ। ਇਸ ਸੰਬੰਧੀ ਹੋਰ ਜਾਣਕਾਰੀ ਲੈਣ ਲਈ ਗੋਗੀ ਗਿੱਲ (559) 347-8983 ਜਾਂ ਸਤਵੰਤ ਵਿਰਕ (559) 978-3361 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਗੁਰੂ ਦਾ ਲੰਗਰ ਅਤੁੱਟ ਵਰਵੇਗਾ। ਸਮੂੰਹ ਸੰਗਤਾਂ ਅਤੇ ਸੁਧਾਰ ਦੀਆਂ ਵਿਦਿਅਕ ਸੰਸਥਾਵਾ ਨਾਲ ਸੰਬੰਧਤ ਸਾਬਕਾ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਵਿੱਚ ਹਾਜ਼ਰੀਆਂ ਭਰਨ ਲਈ ਪ੍ਰਬੰਧਕਾ ਵੱਲੋਂ ਅਪੀਲ ਕੀਤੀ ਜਾਂਦੀ ਹੈ।




# ਫਰਿਜ਼ਨੋ ਨਿਵਾਸੀ ਗੁੱਲੂ ਸਿੱਧੂ ਬਰਾੜ ਨੂੰ ਮਾਤਾ ਜੀ ਦੇ ਅਕਾਲ ਚਲਾਣੇ 'ਤੇ ਭਾਰੀ ਸਦਮਾ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਪੰਜਾਬੀ ਭਾਈਚਾਰੇ ਦੀ ਜਾਣੀ-ਪਹਿਚਾਣੀ ਸਖਸ਼ੀਅਤ ਫਰਿਜ਼ਨੋ ਨਿਵਾਸੀ ਗੁੱਲੂ ਸਿੱਧੂ ਬਰਾੜ (ਸ. ਸੁਖਦੇਵ ਸਿੰਘ) ਦੇ ਸਤਿਕਾਰਯੋਗ ਮਾਤਾ ਜੰਗੀਰ ਕੌਰ ਬਰਾੜ ਜੀ ਬੀਤੇ ਦਿਨੀ 22 ਫਰਵਰੀ 2017 ਪੰਜਾਬ ਵਿੱਚ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਉਮਰ 94 ਸਾਲ ਸੀ। ਜੋ ਅਮਰੀਕਾ ਵਿਖੇ ਪਿਛਲੇ 17 ਸਾਲਾ ਤੋਂ ਰਹਿ ਰਹੇ ਸਨ। ਪਰ ਕੁੱਝ ਸਮਾਂ ਪਹਿਲਾ ਪੰਜਾਬ ਗਏ ਸਨ। ਇੰਨ੍ਹਾਂ ਦਾ ਪਿਛਲਾ ਪਿੰਡ ਬਰਨਾਲਾ ਖੁਰਦ, ਨਜ਼ਦੀਕੀ ਰਾਹੋਂ, ਜਿਲ੍ਹਾਂ ਨਵਾਂ ਸ਼ਹਿਰ ਹੈ। ਮਾਤਾ ਜੀ ਦਾ ਅੰਤਮ ਸੰਸਕਾਰ ਅਤੇ ਅੰਤਮ ਅਰਦਾਸ ਦੀਆਂ ਰਸਮਾਂ ਪੰਜਾਬ, ਭਾਰਤ ਵਿੱਚ ਕਰਨ ਉਪਰੰਤ ਸਮੁੱਚਾ ਪਰਿਵਾਰ ਵਾਪਸ ਅਮਰੀਕਾ ਪਹੁੰਚ ਗਿਆ ਹੈ। ਮਾਤਾ ਜੀ ਦੀ ਚੰਗੀ ਸਿੱਖਿਆ ਅਤੇ ਯੋਗ ਅਗਵਾਈ ਕਰਕੇ ਸਮੁੱਚਾ ਪਰਿਵਾਰ ਆਪਣੀ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਿਹਾ ਹੈ।



ਉਨ੍ਹਾਂ ਦੇ ਪੁੱਤਰ ਗੁੱਲੂ ਸਿੱਧੂ ਬਰਾੜ ਨਾਲ ਇਸ ਦੁੱਖ ਦੀ ਘੜੀ ਵਿੱਚ ਸਾਂਝ ਪਾਉਣ ਲਈ ਫੋਨ ਨੰਬਰ (559) 317-1314 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਪਰਮਾਤਮਾ ਅੱਗੇ ਅਰਦਾਸ ਹੈ ਕਿ ਮਾਤਾ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਗੁਰਦੀਪ ਸਿੰਘ ਵਿਰਕ ਦੀ ਅਮਰੀਕਾ ਦੀ ਓਹਾਇਓ ਸਟੇਟ 'ਚ ਭੇਦਭਰੀ ਮੌਤ ਉਪਰੰਤ ਅੰਤਿਮ ਸਸਕਾਰ 26 ਮਾਰਚ ਨੂੰ

**ਫਰਿਜਨੋ (ਕੈਲੇਫੋਰਨੀਆ) ਨੀਟਾ ਮਾਛੀਕੇ / ਕੁਲਵੰਤ ਧਾਲੀਆ/ ਹੁਸਨ ਲੜੋਆ ਬੰਗਾ)–** ਫਰਿਜਨੋ ਨਿਵਾਸੀ ਵਿਰਕ ਪਰਿਵਾਰ ਨੂੰ ਪਿਛਲੇ ਦਿਨੀ ਉਸ ਸਮੇਂ ਭਾਰੀ ਸਦਮਾਂ ਪਹੁੰਚਿਆ ਜਦੋਂ ਘਰ ਦੇ ਮੋਢੀ 43 ਸਾਲਾ ਗੁਰਦੀਪ ਸਿੰਘ ਵਿਰਕ ਦੀ ਅਮਰੀਕਾ ਦੀ ਓਹਾਇਓ ਸਟੇਟ ਵਿੱਚ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ। ਸਵ. ਗੁਰਦੀਪ ਸਿੰਘ ਵਿਰਕ ਕਿੱਤੇ ਦੇ ਤੌਰ ਤੇ ਟਰੱਕ ਡਰਾਈਵਰ ਸਨ ਅਤੇ ਪਿਛਲੇ ਲੰਮੇ ਸਮੈਂ ਤੋਂ ਫਰਿਜਨੋ ਵਿਖੇ ਤਿੰਨ ਬੱਚਿਆਂ ਅਤੇ ਪਤਨੀ ਨਾਲ ਰਹਿ ਰਹੇ ਸਨ। ਉਹਨਾਂ ਦਾ ਪਿੱਛਲਾ ਪਿੰਡ ਚੇਤਾ ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਪੈਂਦਾ ਹੈ। ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਮਿੱਤੀ 26 ਮਾਰਚ ਦਿਨ ਐਤਵਾਰ ਸਵੇਰੇ 10 ਤੋਂ ਦੁਪਹਿਰ 1 ਵਜੇ ਦਰਮਿਆਨ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿੱਚ ਹੋਵੇਗਾ, ਉਪਰੰਤ ਪਾਠ ਦਾ ਭੋਗ ਗੁਰਦਵਾਰਾ ਸਿੰਘ ਸਭਾ ਫਰਿਜਨੋ ਵਿੱਖੇ ਪਵੇਗਾ। ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ ਪਵਿੱਤਰ ਸਿੰਘ 559- 417-8352, ਧੰਨਾ ਸਿੰਘ 559-801-5244 ਜਾਂ ਮਾਤਾ ਹਰਜੀਤ ਕੌਰ ਗਿੱਲ 559-282-0301..!



# ਚਰਨਜੀਤ ਸਿੰਘ ਬਾਠ ਦਾ ਰਿਪੱਬਲੀਕਨ ਪਾਰਟੀ 30 ਮਾਰਚ ਨੂੰ ਕਰੇਗੀ ਸਨਮਾਨ

**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆ–** ਉਘੇ ਕਿਰਸਾਨ ਤੇ ਪੰਜਾਬੀ ਕਮਿਊਨਟੀ ਦੀ ਸਿਰਕੱਢ ਹਸਤੀ ਸ. ਚਰਨਜੀਤ ਸਿੰਘ ਬਾਠ ਦਾ ਰਿਪਬਲੀਕਨ ਪਾਰਟੀ 30 ਮਾਰਚ ਨੂੰ ਫਰਿਜਨੋ ਵਿਖੇ ਲਿੰਕਨ ਅਵਾਰਡ ਨਾਲ ਸਨਮਾਨ ਕਰਨ ਜਾ ਰਹੀ ਹੈ। ਇਸ ਸਬੰਧ ਵਿੱਚ ਡਾ. ਏਪੀਐਸ ਸਿੱਧੂ ਨੇ ਪੱਤਰਕਾਰਾਂ ਨਾਲ ਗੱਲ-ਬਾਤ ਦੌਰਾਨ ਦੱਸਿਆ ਕਿ ਇਹ ਸਨਮਾਨ ਸਾਲ 'ਚ ਇੱਕ ਵਾਰ ਓਸ ਵਿਅਕਤੀ ਨੂੰ ਦਿੱਤਾ ਜਾਂਦਾ ਹੈ ਜੀਹਨੇ ਪਾਰਟੀ ਅਤੇ ਕਮਿਊਨਟੀ ਲਈ ਯੋਗ ਸੇਵਾਵਾਂ ਨਿਭਾਈਆ ਹੋਣ। ਇਸ ਸਾਲ ਰਿਪੱਲੀਕਨ ਪਾਰਟੀ ਨੇ ਸ. ਚਰਨਜੀਤ ਸਿੰਘ ਬਾਠ ਨੂੰ ਲਿੰਕਨ ਰੇਗਨ ਡਿੰਨਰ ਤੇ ਇਹ ਸਨਮਾਨ ਦੇਣ ਦਾ ਫੈਸਲਾ ਕੀਤਾ ਹੈ ਅਤੇ ਇਸ ਨਾਲ ਪੂਰੇ ਪੰਜਾਬੀ ਭਾਈਚਾਰੇ ਦਾ ਸਿਰ ਫ਼ਖ਼ਰ ਨਾਲ ਉੱਚਾ ਹੋਵੇਗਾ। ਉਹਨਾਂ ਇਸ ਅਵਾਰਡ ਲਈ ਰਿਪੱਬਲੀਕਨ ਪਾਰਟੀ ਦਾ ਧੰਨਵਾਦ ਕੀਤਾ ਅਤੇ ਸ. ਚਰਨਜੀਤ ਸਿੰਘ ਬਾਠ ਨੂੰ ਮੁਬਾਰਕਬਾਦ ਵੀ ਦਿੱਤੀ। ਇਸ ਸਮਾਗਮ ਵਿੱਚ ਜੇ ਕਰਿਸਟਨ ਐਡਮ ਉਚੇਚੇ ਤੌਰ ਤੇ ਸ਼ਿਰਕਤ ਕਰ ਰਹੇ ਹਨ।



# ਕੈਪਟਨ ਦਾ ਸਹੁੰ ਚੁੱਕ ਸਮਾਗਮ ਸਹੁੰ ਅੰਗਰੇਜੀ ਚ ਚੁੱਕੀ - ਪੰਜਾਬੀ ਭਾਸ਼ਾ ਦੀ ਤੌਹੀਨ: ਕੇਂਦਰੀ ਪੰਜਾਬੀ ਲੇਖਕ ਸਭਾ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਪੰਜਾਬ ਸਰਕਾਰ ਦੇ ਸਹੁੰ ਚੁੱਕ ਸਮਾਗਮ ਦੌਰਾਨ ਖੁਦ ਕੈਪਟਨ ਅਮਰਿੰਦਰ ਸਿੰਘ ਅਤੇ ਉਨਾਂ ਦੇ ਮੰਤਰੀ ਰਾਣਾ ਗੁਰਜੀਤ ਸਿੰਘ ਵਲੋਂ ਅੰਗਰੇਜ਼ੀ ਵਿਚ ਸਹੁੰ ਚੁੱਕੇ ਜਾਣ 'ਤੇ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਸਭਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਡਾ. ਜੋਗਾ ਸਿੰਘ ਨੇ ਇਥੋਂ ਜਾਰੀ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਉਨਾਂ ਨੂੰ ਉਮੀਦ ਸੀ ਕਿ ਕਾਂਗਰਸ ਪਾਰਟੀ ਦੀ ਅਗਵਾਈ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਹਰ ਖੇਤਰ ਵਿਚ ਮਾਂ ਭਾਸ਼ਾ ਪੰਜਾਬੀ ਨੂੰ ਵਿਸ਼ੇਸ਼ ਤਵੱਜੋ ਦੇ ਕੇ ਸੌ ਫੀਸਦੀ ਅਮਲੀ ਰੂਪ ਵਿਚ ਲਾਗੂ ਕਰਨ ਵੱਲ ਅੱਗੇ ਵਧੇਗੀ ਪਰ ਸਰਕਾਰ ਦੇ ਪਹਿਲੇ ਹੀ ਦਿਨ ਸਹੁੰ ਚੁੱਕ ਸਮਾਗਮ ਵਿਚ ਹੀ ਜਿਸ ਅੰਦਾਜ਼ ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਰਾਣਾ ਗੁਰਜੀਤ ਸਿੰਘ ਨੇ ਅੰਗਰੇਜ਼ੀ ਵਿਚ ਹਲਫ਼ ਚੁੱਕਦਿਆਂ ਪੰਜਾਬੀ ਭਾਸ਼ਾ ਦੀ ਤੌਹੀਨ ਕੀਤੀ ਹੈ, ਉਹ ਬਰਦਾਸ਼ਤ ਕਰਨ ਯੋਗ ਨਹੀਂ ਹੈ।

ਲੇਖਕ ਆਗੂਆਂ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਹੀ ਕੇਂਦਰੀ ਸਭਾ ਵਲੋਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕ ਪੱਤਰ ਵੀ ਲਿਖਿਆ ਗਿਆ ਸੀ ਜਿਸ ਵਿਚ ਬੇਨਤੀ ਕੀਤੀ ਗਈ ਸੀ ਕਿ ਉਹ ਆਪੋ-ਆਪਣੇ ਚੋਣ ਐਲਾਨਨਾਮਿਆਂ ਅਤੇ ਪਾਰਟੀ ਪ੍ਰੋਗਰਾਮਾਂ ਵਿਚ ਪੰਜਾਬੀ ਭਾਸ਼ਾ ਨੂੰ ਇਕ ਅਹਿਮ ਮੁੱਦੇ ਵਜੋਂ ਸ਼ਾਮਲ ਕਰਨ ਪਰ ਦੁੱਖ ਦੀ ਗੱਲ ਹੈ ਕਿ ਪੰਜਾਬੀ ਭਾਸ਼ਾ/ਬੋਲੀ ਨੂੰ ਆਪਣੇ ਏਜੰਡੇ ਵਿਚ ਸ਼ਾਮਲ ਕਰਨ ਦੀ ਥਾਂ ਪੂਰੀ ਤਰਾਂ ਦਰ-ਕਿਨਾਰ ਕਰ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਇਸ ਦਾ ਭਾਵ ਹੈ ਕਿ ਕੈਪਟਨ ਸਰਕਾਰ ਮਾਂ ਭਾਸ਼ਾ ਦੇ ਉਪਰ ਅੰਗਰੇਜ਼ੀ ਨੂੰ ਵਧੇਰੇ ਤਰਜੀਹ ਦੇਣ ਦੇ ਰੌਂਅ ਵਿਚ ਹੈ। ਇਸ ਸਥਿਤੀ ਵਿਚ ਪੰਜਾਬੀ ਲੇਖਕਾਂ, ਵਿਦਵਾਨਾਂ ਅਤੇ ਸਮੂਹ ਪੰਜਾਬੀ ਪਿਆਰਿਆਂ ਨੂੰ ਇਕਜੁਟ ਹੋ ਕੇ ਪੰਜਾਬੀ ਭਾਸ਼ਾ ਨੂੰ ਬਣਦਾ ਰੁਤਬਾ ਦਿਵਾਉਣ ਲਈ ਹੋਰ ਵਧੇਰੇ ਲਾਮਬੰਦੀ ਨਾਲ ਸੰਘਰਸ਼ਸ਼ੀਲ ਹੋਣਾ ਪਵੇਗਾ। ਕੇਂਦਰੀ ਸਭਾ ਦੇ ਜਸਵੀਰ ਝੱਜ, ਦੀਪ ਦਵਿੰਦਰ ਸਿੰਘ, ਸੁਰਿੰਦਰਪ੍ਰੀਤ ਘਣੀਆ, ਜਸਪਾਲ ਮਾਨਖੇੜਾ ਤੇ ਮੈਡਮ ਅਰਤਿੰਦਰ ਸੰਧੂ (ਸਾਰੇ ਮੀਤ ਪ੍ਰਧਾਨ) ਅਤੇ ਕਰਮ ਸਿੰਘ ਵਕੀਲ, ਵਰਗਿਸ ਸਲਾਮਤ, ਡਾ ਹਰਵਿੰਦਰ ਸਿੰਘ ਤੇ ਸੂਬਾ ਸੁਰਿੰਦਰ ਕੌਰ ਖਰਲ (ਸਾਰੇ ਸਕੱਤਰ) ਲੇਖਕ ਆਗੂਆਂ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਸਬੰਧਤ ਸਥਾਨਕ ਸਭਾਵਾਂ ਅਤੇ ਪੰਜਾਬੀ ਭਾਸ਼ਾ, ਸਿੱਖਿਆ ਅਤੇ ਸਭਿਆਚਾਰ ਨਾਲ ਜੁੜੀਆਂ ਹੋਰ ਜਥੇਬੰਦੀਆਂ/ਅਦਾਰਿਆਂ ਦੇ ਆਗੂਆਂ ਨੂੰ ਮਾਂ ਬੋਲੀ/ਭਾਸ਼ਾ ਦੀ ਇਸ ਲੜਾਈ ਨੂੰ ਜਨਤਕ ਲੜਾਈ ਵਿਚ ਤਬਦੀਲ ਕਰਨ ਵੱਲ ਵਧਣ ਦਾ ਸੱਦਾ ਦਿੱਤਾ ਹੈ। ਉਨਾਂ ਨਵੇਂ ਬਣੇ ਮੰਤਰੀਆਂ ਵਲੋਂ ਮਾਂ ਬੋਲੀ ਵਿਸਾਰਨ ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕੀਤੀ।

**ਰਿਪੋਰਟ- ਕਰਮ ਸਿੰਘ ਵਕੀਲ, ਸਕੱਤਰ**
**(91-80549-80446)**

# ਪੰਜਾਬ ਵਿਧਾਨ ਸਭਾ ਦੇ ਹਲਕਾਵਾਰ ਨਤੀਜੇ

**ਅੰਮ੍ਰਿਤਸਰ ਲੋਕ ਸਭਾ ਉਪ ਚੋਣ:**
ਕਾਂਗਰਸ ਗੁਰਜੀਤ ਸਿੰਘ ਔਜਲਾ 508153 ਵੋਟਾਂ
ਭਾਜਪਾ ਰਾਜਿੰਦਰ ਮੋਹਨ ਸਿੰਘ ਛੀਨਾ 308964 ਵੋਟਾਂ
ਆਪ ਉਪਕਾਰ ਸਿੰਘ ਸੰਧੂ 149984 ਵੋਟਾਂ।

**ਪੰਜਾਬ ਵਿਧਾਨ ਸਭਾ ਚੋਣਾਂ ਦੇ ਜੇਤੂ ਉਮੀਦਵਾਰਾਂ ਦੀ ਸੂਚੀ ਇਸ ਪ੍ਰਕਾਰ ਹੈ-**

1 ਸੁਜਾਨਪੁਰ ਦਿਨੇਸ਼ ਸਿੰਘ ਬੱਬੂ ਭਾਜਪਾ
2 ਭੋਆ ਜੋਗਿੰਦਰ ਪਾਲ ਸਿੰਘ ਕਾਂਗਰਸ
3 ਪਠਾਨਕੋਟ ਅਮਿਤ ਵਿਜ ਕਾਂਗਰਸ
4 ਗੁਰਦਾਸਪੁਰ ਬਰਿੰਦਰਜੀਤ ਸਿੰਘ ਪਾਹੜਾ- ਕਾਂਗਰਸ
5 ਦੀਨਾਨਗਰ ਅਰੁਣਾ ਚੌਧਰੀ ਕਾਂਗਰਸ
6 ਕਾਦੀਆਂ ਫਤਹਿਜੰਗ ਸਿੰਘ ਬਾਜਵਾ ਕਾਂਗਰਸ
7 ਬਟਾਲਾ ਲਖਬੀਰ ਸਿੰਘ ਲੋਧੀਨੰਗਲ-ਅਕਾਲੀ
8 ਸ੍ਰੀ ਹਰਗੋਬਿੰਦਪੁਰ ਬਲਵਿੰਦਰ ਸਿੰਘ ਲਾਡੀ ਕਾਂਗਰਸ
9 ਫਤਹਿਗੜ੍ਹ ਚੂੜੀਆਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ-ਕਾਂਗਰਸ
10 ਡੇਰਾ ਬਾਬਾ ਨਾਨਕ ਸੁਖਜਿੰਦਰ ਸਿੰਘ ਰੰਧਾਵਾ ਕਾਂਗਰਸ
11 ਅਜਨਾਲਾ ਹਰਪ੍ਰਤਾਪ ਸਿੰਘ ਅਜਨਾਲਾ-ਕਾਂਗਰਸ
12 ਰਾਜਾਸਾਂਸੀ ਸੁਖਬਿੰਦਰ ਸਿੰਘ ਸਰਕਾਰੀਆ-ਕਾਂਗਰਸ
13 ਮਜੀਠਾ ਬਿਕਰਮ ਸਿੰਘ ਮਜੀਠੀਆ ਅਕਾਲੀ
14 ਜੰਡਿਆਲਾ ਗੁਰੂ ਸੁਖਵਿੰਦਰ ਸਿੰਘ ਡੈਨੀ ਕਾਂਗਰਸ
15 ਅੰਮ੍ਰਿਤਸਰ ਉੱਤਰੀ ਸੁਨੀਲ ਦੱਤੀ ਕਾਂਗਰਸ
16 ਅੰਮ੍ਰਿਤਸਰ ਪੱਛਮੀ ਡਾ: ਰਾਜ ਕੁਮਾਰ ਵੇਰਕਾ ਕਾਂਗਰਸ
17 ਅੰਮ੍ਰਿਤਸਰ ਕੇਂਦਰੀ ਓਮ ਪ੍ਰਕਾਸ਼ ਸੋਨੀ ਕਾਂਗਰਸ
18 ਅੰਮ੍ਰਿਤਸਰ ਪੂਰਬੀ ਨਵਜੋਤ ਸਿੰਘ ਸਿੱਧੂ ਕਾਂਗਰਸ
19 ਅੰਮ੍ਰਿਤਸਰ ਦੱਖਣੀ ਇੰਦਰਬੀਰ ਸਿੰਘ ਬੁਲਾਰੀਆ-ਕਾਂਗਰਸ
20 ਅਟਾਰੀ ਤਰਸੇਮ ਸਿੰਘ ਡੀ ਸੀ ਕਾਂਗਰਸ
21 ਤਰਨ ਤਾਰਨ ਡਾ: ਧਰਮਬੀਰ ਅਗਨੀਹੋਤਰੀ-ਕਾਂਗਰਸ
22 ਖੇਮਕਰਨ ਸੁਖਪਾਲ ਸਿੰਘ ਭੁੱਲਰ ਕਾਂਗਰਸ
23 ਪੱਟੀ ਹਰਮਿੰਦਰ ਸਿੰਘ ਗਿੱਲ ਕਾਂਗਰਸ
24 ਖਡੂਰ ਸਾਹਿਬ ਰਮਨਜੀਤ ਸਿੰਘ ਸਿੱਕੀ ਕਾਂਗਰਸ
25 ਬਾਬਾ ਬਕਾਲਾ ਸੰਤੋਖ ਸਿੰਘ ਭਲਾਈਪੁਰ ਕਾਂਗਰਸ
26 ਭੁਲੱਥ ਸੁਖਪਾਲ ਸਿੰਘ ਖਹਿਰਾ ਆਪ
27 ਕਪੂਰਥਲਾ ਰਾਣਾ ਗੁਰਜੀਤ ਸਿੰਘ ਕਾਂਗਰਸ
28 ਸੁਲਤਾਨਪੁਰ ਲੋਧੀ ਨਵਤੇਜ ਸਿੰਘ ਚੀਮਾ ਕਾਂਗਰਸ
29 ਫਗਵਾੜਾ ਸੋਮ ਪ੍ਰਕਾਸ਼ ਭਾਜਪਾ
30 ਫਿਲੌਰ ਬਲਦੇਵ ਸਿੰਘ ਖਹਿਰਾ ਅਕਾਲੀ
31 ਨਕੋਦਰ ਗੁਰਪ੍ਰਤਾਪ ਸਿੰਘ ਵਡਾਲਾ ਅਕਾਲੀ
32 ਸ਼ਾਹਕੋਟ ਅਜੀਤ ਸਿੰਘ ਕੁਹਾੜ ਅਕਾਲੀ
33 ਕਰਤਾਰਪੁਰ ਚੌਧਰੀ ਸੁਰਿੰਦਰ ਸਿੰਘ ਕਾਂਗਰਸ
34 ਜਲੰਧਰ ਪੱਛਮੀ ਸੁਸ਼ੀਲ ਕੁਮਾਰ ਰਿੰਕੂ ਕਾਂਗਰਸ
35 ਜਲੰਧਰ ਕੇਂਦਰੀ ਰਾਜਿੰਦਰ ਬੇਰੀ ਕਾਂਗਰਸ
36 ਜਲੰਧਰ ਉੱਤਰੀ ਅਵਤਾਰ ਸਿੰਘ ਜੂਨੀਅਰ ਹੈਨਰੀ-ਕਾਂਗਰਸ
37 ਜਲੰਧਰ ਛਾਉਣੀ ਪ੍ਰਗਟ ਸਿੰਘ ਪਵਾਰ ਕਾਂਗਰਸ
38 ਆਦਮਪੁਰ ਪਵਨ ਕੁਮਾਰ ਟੀਨੂ ਅਕਾਲੀ
39 ਮੁਕੇਰੀਆਂ ਰਜਨੀਸ਼ ਕੁਮਾਰ ਬੱਬੀ ਕਾਂਗਰਸ
40 ਦਸੂਹਾ ਅਰੁਣ ਡੋਗਰਾ ਕਾਂਗਰਸ
41 ਉੜਮੁੜ ਸੰਗਤ ਸਿੰਘ ਗਿਲਜੀਆਂ ਕਾਂਗਰਸ
42 ਸ਼ਾਮ ਚੁਰਾਸੀ ਪਵਨ ਕੁਮਾਰ ਆਦੀਆ ਕਾਂਗਰਸ
43 ਹੁਸ਼ਿਆਰਪੁਰ ਸੁੰਦਰ ਸ਼ਾਮ ਅਰੋੜਾ ਕਾਂਗਰਸ
44 ਚੱਬੇਵਾਲ ਡਾ: ਰਾਜ ਕੁਮਾਰ ਕਾਂਗਰਸ
45 ਗੜ੍ਹਸ਼ੰਕਰ ਜੈ ਕਿਸ਼ਨ ਸਿੰਘ ਰੋੜੀ ਆਪ
46 ਬੰਗਾ ਡਾ: ਸੁਖਵਿੰਦਰ ਕੁਮਾਰ ਸੁੱਖੀ-ਅਕਾਲੀ
47 ਨਵਾਂ ਸ਼ਹਿਰ ਅੰਗਦ ਸਿੰਘ ਸੈਣੀ ਕਾਂਗਰਸ
48 ਬਲਾਚੌਰ ਚੌ: ਦਰਸ਼ਨ ਲਾਲ ਮਾਂਗੂਪੁਰ-ਕਾਂਗਰਸ
49 ਅਨੰਦਪੁਰ ਸਾਹਿਬ ਰਾਣਾ ਕੇ ਪੀ ਸਿੰਘ ਕਾਂਗਰਸ
50 ਰੂਪਨਗਰ ਅਮਰਜੀਤ ਸਿੰਘ ਸੰਦੋਹਾ ਆਪ
51 ਚਮਕੌਰ ਸਾਹਿਬ ਚਰਨਜੀਤ ਸਿੰਘ ਚੰਨੀ ਕਾਂਗਰਸ
52 ਖਰੜ ਕੰਵਰ ਸੰਧੂ ਆਪ
53 ਐਸ ਏ ਐਸ ਨਗਰ ਬਲਬੀਰ ਸਿੰਘ ਸਿੱਧੂ ਕਾਂਗਰਸ
54 ਬੱਸੀ ਪਠਾਣਾਂ ਗੁਰਪ੍ਰੀਤ ਸਿੰਘ ਜੀ ਪੀ ਕਾਂਗਰਸ
55 ਫਤਹਿਗੜ੍ਹ ਸਾਹਿਬ ਕੁਲਜੀਤ ਸਿੰਘ ਨਾਗਰਾ ਕਾਂਗਰਸ
56 ਅਮਲੋਹ ਰਣਦੀਪ ਸਿੰਘ ਨਾਭਾ ਕਾਂਗਰਸ
57 ਖੰਨਾ ਗੁਰਕੀਰਤ ਸਿੰਘ ਕੋਟਲੀ ਕਾਂਗਰਸ
58 ਸਮਰਾਲਾ ਅਮਰੀਕ ਸਿੰਘ ਢਿੱਲੋਂ ਕਾਂਗਰਸ
59 ਸਾਹਨੇਵਾਲ ਸ਼ਰਨਜੀਤ ਸਿੰਘ ਢਿੱਲੋਂ ਅਕਾਲੀ
60 ਲੁਧਿਆਣਾ ਪੂਰਬੀ ਸੰਜੀਵ ਤਲਵਾੜ ਕਾਂਗਰਸ
61 ਲੁਧਿਆਣਾ ਦੱਖਣੀ ਬਲਵਿੰਦਰ ਸਿੰਘ ਬੈਂਸ (ਲੋਕ ਇਨਸਾਫ)
62 ਆਤਮ ਨਗਰ ਸਿਮਰਜੀਤ ਸਿੰਘ ਬੈਂਸ (ਲੋਕ ਇਨਸਾਫ)
63 ਲੁਧਿਆਣਾ ਕੇਂਦਰੀ ਸੁਰਿੰਦਰ ਕੁਮਾਰ ਡਾਵਰ ਕਾਂਗਰਸ
64 ਲੁਧਿਆਣਾ ਪੱਛਮੀ ਭਾਰਤ ਭੂਸ਼ਣ ਆਸ਼ੂ ਕਾਂਗਰਸ
65 ਲੁਧਿਆਣਾ ਉੱਤਰੀ ਰਾਕੇਸ਼ ਪਾਂਡੇ ਕਾਂਗਰਸ
66 ਗਿੱਲ ਕੁਲਦੀਪ ਸਿੰਘ ਵੈਦ ਕਾਂਗਰਸ
67 ਪਾਇਲ ਲਖਵੀਰ ਸਿੰਘ ਲੱਖਾ ਕਾਂਗਰਸ
68 ਦਾਖਾ ਐਚ ਐਸ ਫੂਲਕਾ ਆਪ
69 ਰਾਏਕੋਟ ਜਗਤਾਰ ਸਿੰਘ ਜੱਗਾ ਆਪ
70 ਜਗਰਾਓਂ ਸਰਵਜੀਤ ਕੌਰ ਮਾਣੂਕੇ ਆਪ
71 ਨਿਹਾਲ ਸਿੰਘ ਵਾਲਾ ਮਨਜੀਤ ਸਿੰਘ ਬਿਲਾਸਪੁਰ-ਆਪ
72 ਬਾਘਾ ਪੁਰਾਣਾ ਦਰਸ਼ਨ ਸਿੰਘ ਬਰਾੜ ਕਾਂਗਰਸ
73 ਮੋਗਾ ਡਾ: ਹਰਜੋਤ ਕਮਲ ਸਿੰਘ ਕਾਂਗਰਸ
74 ਧਰਮਕੋਟ ਸੁਖਜੀਤ ਸਿੰਘ ਲੋਹਗੜ੍ਹ ਕਾਂਗਰਸ
75 ਜ਼ੀਰਾ ਕੁਲਬੀਰ ਸਿੰਘ ਜ਼ੀਰਾ ਕਾਂਗਰਸ
76 ਫਿਰੋਜ਼ਪੁਰ ਸ਼ਹਿਰ ਪਰਮਿੰਦਰ ਸਿੰਘ ਪਿੰਕੀ ਕਾਂਗਰਸ
77 ਫਿਰੋਜ਼ਪੁਰ ਦੇਹਾਤੀ ਸਤਿਕਾਰ ਕੌਰ ਕਾਂਗਰਸ
78 ਗੁਰੂ ਹਰ ਸਹਾਏ ਰਾਣਾ ਗੁਰਮੀਤ ਸਿੰਘ ਸੋਢੀ-ਕਾਂਗਰਸ
79 ਜਲਾਲਾਬਾਦ ਸੁਖਬੀਰ ਸਿੰਘ ਬਾਦਲ ਅਕਾਲੀ
80 ਫਾਜ਼ਿਲਕਾ ਦਵਿੰਦਰ ਸਿੰਘ ਘੁਬਾਇਆ-ਕਾਂਗਰਸ
81 ਅਬੋਹਰ ਅਰੁਣ ਨਾਰੰਗ ਭਾਜਪਾ
82 ਬੱਲੂਆਣਾ ਨੱਥੂ ਰਾਮ ਕਾਂਗਰਸ
83 ਲੰਬੀ ਪ੍ਰਕਾਸ਼ ਸਿੰਘ ਬਾਦਲ ਅਕਾਲੀ
84 ਗਿੱਦੜਬਾਹਾ ਅਮਰਿੰਦਰ ਸਿੰਘ ਰਾਜਾ ਕਾਂਗਰਸ
85 ਮਲੋਟ ਅਜੈਬ ਸਿੰਘ ਭੱਟੀ ਕਾਂਗਰਸ
86 ਮੁਕਤਸਰ ਕੰਵਰਜੀਤ ਸਿੰਘ ਰੋਜ਼ੀ ਅਕਾਲੀ
87 ਫਰੀਦਕੋਟ ਕੁਸ਼ਲਦੀਪ ਸਿੰਘ ਢਿੱਲੋਂ ਕਾਂਗਰਸ
88 ਕੋਟ ਕਪੂਰਾ ਕੁਲਤਾਰ ਸਿੰਘ ਸੰਧਵਾਂ ਆਪ
89 ਜੈਤੋ ਮਾਸਟਰ ਬਲਦੇਵ ਸਿੰਘ ਆਪ
90 ਰਾਮਪੁਰਾ ਫੂਲ ਗੁਰਪ੍ਰੀਤ ਸਿੰਘ ਕਾਂਗੜ ਕਾਂਗਰਸ
91 ਭੁੱਚੋ ਮੰਡੀ ਪ੍ਰੀਤਮ ਸਿੰਘ ਕਾਂਗਰਸ
92 ਬਠਿੰਡਾ ਸ਼ਹਿਰੀ ਮਨਪ੍ਰੀਤ ਸਿੰਘ ਬਾਦਲ ਕਾਂਗਰਸ
93 ਬਠਿੰਡਾ ਦੇਹਾਤੀ ਰੁਪਿੰਦਰ ਕੌਰ ਰੂਬੀ ਆਪ
94 ਤਲਵੰਡੀ ਸਾਬੋ ਪ੍ਰੋ: ਬਲਜਿੰਦਰ ਕੌਰ ਆਪ
95 ਮੌੜ ਜਗਦੇਵ ਸਿੰਘ ਕਮਾਲੂ ਆਪ
96 ਮਾਨਸਾ ਨਾਜ਼ਰ ਸਿੰਘ ਮਾਨਸ਼ਾਹੀਆ-ਆਪ
97 ਸਰਦੂਲਗੜ੍ਹ ਦਿਲਰਾਜ ਸਿੰਘ ਭੂੰਦੜ ਅਕਾਲੀ
98 ਬੁਢਲਾਡਾ ਬੁੱਧਰਾਮ ਪ੍ਰਿੰਸੀਪਲ ਆਪ
99 ਲਹਿਰਾ ਪਰਮਿੰਦਰ ਸਿੰਘ ਢੀਂਡਸਾ ਅਕਾਲੀ
100 ਦਿੜ੍ਹਬਾ ਹਰਪਾਲ ਸਿੰਘ ਚੀਮਾ ਆਪ
101 ਸੁਨਾਮ ਅਮਨ ਅਰੋੜਾ ਆਪ
102 ਭਦੌੜ ਪ੍ਰੀਮਲ ਸਿੰਘ ਆਪ
103 ਬਰਨਾਲਾ ਗੁਰਮੀਤ ਸਿੰਘ ਮੀਤ ਆਪ
104 ਮਹਿਲ ਕਲਾਂ ਕੁਲਵੰਤ ਸਿੰਘ ਪੰਡੋਰੀ ਆਪ
105 ਮਾਲੇਰ ਕੋਟਲਾ ਰਜ਼ੀਆ ਸੁਲਤਾਨਾ ਕਾਂਗਰਸ
106 ਅਮਰਗੜ੍ਹ ਸੁਰਜੀਤ ਸਿੰਘ ਧੀਮਾਨ ਕਾਂਗਰਸ
107 ਧੂਰੀ ਦਲਵੀਰ ਸਿੰਘ ਗੋਲਡੀ ਕਾਂਗਰਸ
108 ਸੰਗਰੂਰ ਵਿਜੇ ਇੰਦਰ ਸਿੰਗਲਾ ਕਾਂਗਰਸ
109 ਨਾਭਾ ਸਾਧੂ ਸਿੰਘ ਧਰਮਸ਼ੋਤ ਕਾਂਗਰਸ
110 ਪਟਿਆਲਾ ਦੇਹਾਤੀ ਬ੍ਰਹਮ ਮਹਿੰਦਰਾ ਕਾਂਗਰਸ
111 ਰਾਜਪੁਰਾ ਹਰਦਿਆਲ ਸਿੰਘ ਕੰਬੋਜ ਕਾਂਗਰਸ
112 ਡੇਰਾ ਬੱਸੀ ਐਨ ਕੇ ਸ਼ਰਮਾ ਅਕਾਲੀ
113 ਘਨੌਰ ਮਦਨ ਲਾਲ ਜਲਾਲਪੁਰ ਕਾਂਗਰਸ
114 ਸਨੌਰ ਹਰਿੰਦਰਪਾਲ ਸਿੰਘ ਚੰਦੂਮਾਜਰਾ-ਅਕਾਲੀ
115 ਪਟਿਆਲਾ ਕੈਪਟਨ ਅਮਰਿੰਦਰ ਸਿੰਘ ਕਾਂਗਰਸ
116 ਸਮਾਣਾ ਰਾਜਿੰਦਰ ਸਿੰਘ ਕਾਂਗਰਸ
117 ਸ਼ੁਤਰਾਣਾ ਨਿਰਮਲ ਸਿੰਘ ਕਾਂਗਰਸ

**ਬਾਦਲ ਕੈਪਟਨ ਨੂੰ ਹਰਾ ਕੇ ਲਗਾਤਾਰ ਪੰਜਵੀਂ ਵਾਰ ਵਿਧਾਇਕ ਬਣੇ**

ਪੰਜਾਬ ਵਿਧਾਨ ਸਭਾ ਚੋਣਾਂ 2017 ਦੇ ਆਏ ਨਤੀਜਿਆਂ ਅਨੁਸਾਰ ਅਕਾਲੀ/ਭਾਜਪਾ ਦੇ ਸਾਂਝੇ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ 66375 ਵੋਟਾਂ ਲੈ ਕੇ ਆਪਣੇ ਸਿਆਸੀ ਵਿਰੋਧੀ ਕੈਪਟਨ ਅਮਰਿੰਦਰ ਸਿੰਘ ਕਾਂਗਰਸੀ ਉਮੀਦਵਾਰ ਨੂੰ 22770 ਵੋਟਾਂ ਨਾਲ ਹਰਾ ਕੇ ਲੰਬੀ ਤੋਂ ਲਗਾਤਾਰ ਪੰਜਵੀਂ ਵਾਰ ਵਿਧਾਇਕ ਬਣ ਗਏ ਹਨ। ਕੈਪਟਨ ਅਮਰਿੰਦਰ ਸਿੰਘ ਨੂੰ ਕੁਲ 43605 ਵੋਟਾਂ ਪਈਆਂ। ਹਲਕਾ ਲੰਬੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਰਨੈਲ ਸਿੰਘ ਨੂੰ 21254 ਵੋਟਾਂ ਨਾਲ ਸਬਰ ਕਰਨਾ ਪਿਆ ਤੇ ਉਹ ਤੀਸਰੇ ਨੰਬਰ 'ਤੇ ਰਹੇ। ਪੰਜਾਬ 'ਚ ਭਾਵੇਂ ਕਾਂਗਰਸ ਪਾਰਟੀ ਦੀ ਸਰਕਾਰ ਬਣ ਰਹੀ ਹੈ, ਪਰੰਤੂ ਕੈਪਟਨ ਅਮਰਿੰਦਰ ਸਿੰਘ ਦੇ ਹਲਕਾ ਲੰਬੀ ਤੋਂ ਚੋਣ ਹਾਰ ਜਾਣ ਕਰਕੇ ਹਲਕਾ ਲੰਬੀ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਕੁਝ ਮਾਯੂਸੀ ਵੀ ਹੋਈ।

**ਕੈਪਟਨ ਸਭ ਤੋਂ ਵੱਧ 52407 ਵੋਟਾਂ ਦੇ ਫਰਕ ਨਾਲ ਜਿੱਤੇ**

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਪਟਿਆਲਾ ਹਲਕੇ ਤੋਂ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤਣ ਵਾਲੇ ਉਮੀਦਵਾਰ ਰਹੇ। ਉਨ੍ਹਾਂ ਨੇ ਆਪਣੇ ਵਿਰੋਧੀ ਉਮੀਦਵਾਰ ਡਾ. ਬਲਬੀਰ ਸਿੰਘ ਨੂੰ 52407 ਵੋਟਾਂ ਦੇ ਰਿਕਾਰਡ ਫਰਕ ਨਾਲ ਹਰਾਇਆ। ਕੈਪਟਨ ਅਮਰਿੰਦਰ ਸਿੰਘ ਨੂੰ 72586 ਵੋਟਾਂ ਪਈਆਂ, ਜਦਕਿ ਡਾ. ਬਲਬੀਰ ਸਿੰਘ ਨੂੰ ਕੇਵਲ 20179 ਵੋਟਾਂ ਹੀ ਮਿਲ ਸਕੀਆਂ।

ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਅੰਮ੍ਰਿਤਸਰ ਪੂਰਬੀ ਤੋਂ ਕਾਂਗਰਸ ਦੇ ਉਮੀਦਵਾਰ ਨਵਜੋਤ ਸਿੰਘ ਸਿੱਧੂ ਦੂਸਰੇ ਸਭ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤਣ ਵਾਲੇ ਉਮੀਦਵਾਰ ਰਹੇ।

(ਬਾਕੀ ਉਨ੍ਹਾਂ ਆਪਣੇ ਵਿਰੋਧੀ ਭਾਜਪਾ ਉਮੀਦਵਾਰ ਰਾਜੇਸ਼ ਹਨੀ ਨੂੰ 42809 ਵੋਟਾਂ ਦੇ ਫਰਕ ਨਾਲ ਹਰਾਇਆ। ਨਵਜੋਤ ਸਿੰਘ ਸਿੱਧੂ ਨੂੰ 60477 ਵੋਟਾਂ ਪਈਆਂ ਜਦਕਿ ਰਾਜੇਸ਼ ਹਨੀ ਨੂੰ 17668 ਵੋਟਾਂ ਨਾਲ ਹੀ ਸਬਰ ਕਰਨਾ ਪਿਆ।

ਫਾਜ਼ਿਲਕਾ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਦੇ ਸਭ ਤੋਂ ਨੌਜਵਾਨ ਉਮੀਦਵਾਰ ਦਵਿੰਦਰ ਸਿੰਘ ਘੁਬਾਇਆ ਸਭ ਤੋਂ ਘੱਟ 265 ਵੋਟਾਂ ਦੇ ਫਰਕ ਨਾਲ ਚੋਣ ਜਿੱਤੇ। ਉਨ੍ਹਾਂ ਆਪਣੇ ਵਿਰੋਧੀ ਉਮੀਦਵਾਰ ਭਾਜਪਾ ਦੇ ਸੁਰਜੀਤ ਕੁਮਾਰ ਜਿਆਣੀ ਨੂੰ ਮਾਮੂਲੀ 265 ਵੋਟਾਂ ਦੇ ਫਰਕ ਨਾਲ ਹਰਾਇਆ। ਘੁਬਾਇਆ ਨੂੰ 39276 ਵੋਟਾਂ ਪਈਆਂ ਜਦਕਿ ਜਿਆਣੀ ਨੂੰ 39011 ਵੋਟਾਂ ਪਈਆਂ। ਇਸੇ ਤਰ੍ਹਾਂ ਦੂਸਰੇ ਸਭ ਤੋਂ ਘੱਟ ਵੋਟਾਂ ਦੇ ਫਰਕ ਨਾਲ ਚੋਣ ਜਿੱਤਣ ਵਾਲੇ ਉਮੀਦਵਾਰ ਵੀ ਕਾਂਗਰਸ ਦੇ ਹੀ ਭੁੱਚੋ ਮੰਡੀ ਹਲਕੇ ਤੋਂ ਪ੍ਰੀਤਮ ਸਿੰਘ ਕੋਟਭਾਈ ਰਹੇ। ਉਨ੍ਹਾਂ ਆਪਣੇ ਵਿਰੋਧੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਸੀਰ ਸਿੰਘ ਨੂੰ ਕੇਵਲ 645 ਵੋਟਾਂ ਦੇ ਫਰਕ ਨਾਲ ਹਰਾਇਆ। ਪ੍ਰੀਤਮ ਸਿੰਘ ਕੋਟਭਾਈ ਨੂੰ 51605 ਵੋਟਾਂ ਪਈਆਂ ਜਦਕਿ ਜਗਸੀਰ ਸਿੰਘ ਨੇ 50960 ਵੋਟਾਂ ਲਈਆਂ।

# ਹਰ ਵਰਗ ਈ.ਵੀ.ਐਮ. ਵੋਟਿੰਗ ਸਿਸਟਮ ਨੂੰ ਬੰਦ ਕਰਾਉਣ ਲਈ ਇਕ ਪਲੇਟਫਾਰਮ ਤੇ ਇਕੱਠੇ ਹੋਵੇ

**ਫਗਵਾੜਾ (ਬੀ ਕੇ ਰੱਤੂ) -** ਬਹੁਜਨ ਸਮਾਜ ਪਾਰਟੀ ਆਸਟ੍ਰੇਲੀਆ ਯੂਨਿਟ ਦੀ ਹੰਗਾਮੀ ਮੀਟਿੰਗ ਪ੍ਰਧਾਨ ਹਰਜਿੰਦਰ ਮਹਿਮੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਜਿੰਦਰ ਮਹਿਮੀ ਅਤੇ ਹੋਰਨਾਂ ਆਗੂਆਂ ਨੇ ਕਿਹਾ ਕਿ ਦੇਸ਼ ਦੇ ਵੱਖ ਵੱਖ ਰਾਜਾਂ ਵਿਚ ਹੋਈਆਂ ਵਿਧਾਨਸਭਾ ਚੋਣਾਂ ਦੌਰਾਨ ਆਰ.ਐਸ.ਐਸ. ਅਤੇ ਭਾਜਪਾ ਨੇ ਸਾਜਿਸ਼ ਅਧੀਨ ਈ.ਵੀ.ਐਮ. ਮਸ਼ੀਨਾ ਨਾਲ ਛੇੜਛਾੜ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਨੇ ਜਿਸ ਸੰਵਿਧਾਨ ਦੀ ਰਚਨਾ ਕੀਤੀ ਸੀ ਉਸ ਲੋਕਤਾਂਤ੍ਰਿਕ ਵਿਚਾਰਧਾਰਾ ਦਾ ਕਤਲ ਕੀਤਾ ਗਿਆ ਹੈ। ਉਪ ਪ੍ਰਧਾਨ ਅਜੇ ਕਟਾਰੀਆ, ਬਲਜਿੰਦਰ ਰਤਨ ਕੋਆਰਡੀਨੇਟਰ ਸਿਡਨੀ, ਨੀਰਜ ਬੰਗੜ ਸਕੱਤਰ, ਡਾ. ਨੌਰਬਨ ਟੈਰੋਟੇਰੀ, ਬੀਰ ਭਾਰਤੀ, ਗੁਲਸ਼ਨ, ਲਖਬੀਰ ਮਹੇ ਸਹਾਇਕ ਸਕੱਤਰ, ਰਵੀ ਚੋਪੜਾ ਖਜਾਨਚੀ, ਗੌਰਵ ਭੱਟੀ ਤੇ ਮੀਡੀਆ ਇੰਚਾਰਜ ਜਸਪਾਲ ਰੱਤੂ ਨੇ ਕਿਹਾ ਕਿ ਬਸਪਾ ਸੁਪ੍ਰੀਮੋ ਮਾਇਆਵਤੀ ਨੇ ਭਾਜਪਾ ਉਪਰ ਯੂ.ਪੀ. ਵਿਚ ਆਪਣੀ ਜਿਤ ਯਕੀਨੀ ਬਨਾਉਣ ਲਈ ਈ.ਵੀ.ਐਮ ਮਸ਼ੀਨਾ ਨਾਲ ਕੀਤੀ ਛੇੜਛਾੜ ਦਾ ਜੋ ਦੋਸ਼ ਲਾਇਆ ਹੈ ਉਹ ਬਿਲਕੁਲ ਸਹੀ ਹੈ



ਕਿਉਂਕਿ ਜਦੋਂ ਹਰ ਵਰਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਦਾ ਵਿਰੋਧੀ ਹੈ ਤਾਂ ਯੂ.ਪੀ. ਵਿਚ ਇੰਨੀ ਵੱਡੀ ਜਿੱਤ ਕਿਸ ਤਰ੍ਹਾਂ ਮਿਲ ਸਕਦੀ ਹੈ? ਉਹਨਾਂ ਭਾਰਤੀ ਚੋਣ ਕਮੀਸ਼ਨ ਤੋਂ ਮੰਗ ਕੀਤੀ ਕਿ ਭਾਰਤ ਵਿਚ ਈ.ਵੀ.ਐਮ. ਮਸ਼ੀਨਾ ਨਾਲ ਵੋਟਿੰਗ ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਵੇ। ਯੂ.ਪੀ. ਵਿਚ ਬੈਲਟ ਪੇਪਰ ਨਾਲ ਦੁਬਾਰਾ ਵੋਟਾਂ ਪੁਆਈਆਂ ਜਾਣ। ਉਹਨਾਂ ਕਿਹਾ ਕਿ ਇੰਗਲੈਂਡ, ਜਰਮਨ, ਆਸਟ੍ਰੇਲੀਆ ਸਮੇਤ ਹੋਰ ਬਹੁਤ ਸਾਰੇ ਤਕਨੀਕ ਭਰਪੂਰ ਦੇਸ਼ਾਂ ਵਿਚ ਈ.ਵੀ.ਐਮ. ਮਸ਼ੀਨਾ ਨੂੰ ਛੇੜਛਾੜ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਰੱਦ ਕੀਤਾ ਹੋਇਆ ਹੈ। ਉਹਨਾਂ ਭਾਰਤ ਦੇ ਸਮੂਹ ਵੋਟਰਾਂ ਨੂੰ ਵੀ ਅਪੀਲ ਕੀਤੀ ਕਿ ਬੇਸ਼ਕ ਉਹ ਕਿਸੇ ਵੀ ਪਾਰਟੀ ਨਾਲ ਸਬੰਧ ਰਖਦੇ ਹੋਣ ਪਰ ਈ.ਵੀ.ਐਮ. ਵੋਟਿੰਗ ਸਿਸਟਮ ਨੂੰ ਬੰਦ ਕਰਾਉਣ ਲਈ ਇਕ ਪਲੇਟਫਾਰਮ ਤੇ ਇਕੱਠੇ ਹੋਣ ਤਾਂ ਜੋ ਭਾਰਤ ਵਿਚ ਲੋਕਤੰਤਰ ਦੀ ਰਾਖੀ ਕੀਤੀ ਜਾ ਸਕੇ। ਸਮੂਹ ਵਰਕਰਾਂ ਨੇ ਕਿਹਾ ਕਿ ਮਾਇਆਵਤੀ ਵਲੋਂ ਇਸ ਮੁੱਦੇ ਨੂੰ ਲੈ ਕੇ ਜੋ ਸੰਘਰਸ਼ ਵਿੱਢਿਆ ਜਾਵੇਗਾ ਉਸਨੂੰ ਇੰਟਰਨੈਸ਼ਨਲ ਪੱਧਰ ਤੇ ਚੁੱਕਣਗੇ। ਇਸ ਮੌਕੇ ਅੰਕੁਸ਼ ਕਟਾਰੀਆ, ਤੀਰਥ ਪਾਸਲਾ, ਬਲਜਿੰਦਰ ਰਤਨ ਕੋਆਰਡੀਨੇਟਰ ਸਿਡਨੀ, ਹਰਮੇਸ਼ ਲੱਧੜ, ਗੁਰਦਿਆਲ ਸਿੰਘ ਵਿੱਕੀ, ਡਾ. ਨੌਰਬਨ ਟੈਰੋਟੇਰੀ, ਬੀਰ ਭਾਰਤੀ, ਗੁਲਸ਼ਨ, ਸਤਪਾਲ ਦੁੱਗ, ਕ੍ਰਿਸ਼ਨ ਲੱਧੜ, ਗੌਰਵ ਭੱਟੀ, ਸੰਦੀਪ ਮਹੇ, ਰਵੀ ਚੋਪੜਾ, ਸੋਨੂੰ ਮਹਿਮੀ, ਨੀਰਜ ਬੰਗੜ, ਅਵਤਾਰ ਲੱਧੜ, ਵਿਨੇ ਸੋਂਧੀ, ਰਾਕੇਸ਼ ਮਹਿਮੀ, ਰਾਜ ਕੈਲੇ, ਜਸਵੀਰ ਸਿੰਘ ਗਿਲ, ਬਲਬੀਰ ਮਹੇ, ਤਾਰਾ ਰੱਤੂ, ਗੁਰਦੀਪ ਮਹੇ ਆਦਿ ਵੀ ਹਾਜਰ ਸਨ।

ਦੇਸ਼ ਦੁਆਬਾ

# ਵਾਅਦਿਆਂ ਦੀ ਪੰਡ ਅਤੇ ਕੈਪਟਨ ਸਰਕਾਰ

ਇਕ ਸਾਲ ਪਹਿਲਾਂ ਹਾਸ਼ੀਏ ਤੇ ਜਾ ਰਹੀ ਪੰਜਾਬ ਕਾਂਗਰਸ ਨੂੰ ਇੱਕਦਮ ਦੋ-ਤਿਹਾਈ ਬਹੁਮਤ ਮਿਲਣ ਦੇ ਕਾਰਨ ਭਾਵੇਂ ਕਈ ਹਨ ਪਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਮੂਹਰੇ ਜੋ ਚੁਣੌਤੀਆਂ ਹਨ, ਉਹ ਵੀ ਬੇਸ਼ੁਮਾਰ ਹਨ। ਬੇਰੁਜ਼ਗਾਰਾਂ ਨੂੰ ਨੌਕਰੀਆਂ ਜਾਂ ਹਰ ਹਾਲਤ ਵਿਚ 2500 ਰੁਪਏ ਮਹੀਨਾ ਬੇਰੁਜ਼ਗਾਰੀ ਭੱਤਾ ਦੇਣਾ, 18 ਤੋਂ 35 ਸਾਲ ਦੀ ਉਮਰ ਵਾਲੇ 30 ਲੱਖ ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣਾ। ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨਾ ਅਜਿਹੇ ਅਸਮਾਨੀ ਵਾਅਦੇ ਹਨ, ਜਿਹਨਾਂ ਮੂਹਰੇ ਪੰਜਾਬ ਦਾ ਪਹਿਲਾਂ ਹੀ ਚਰਮਰਾ ਜਿਹਾ ਅਰਥਚਾਰਾ ਬਹੁਤ ਜ਼ਿਆਦਾ ਨਿਗੂਣਾ ਲੱਗਦਾ ਹੈ। ਕੈਪਟਨ ਅਮਰਿੰਦਰ ਸਿੰਘ ਜਦੋਂ ਪਹਿਲੀ ਵਾਰ ਵਿਚ ਮੁੱਖ ਮੰਤਰੀ ਦਾ ਅਹੁਦਾ ਛੱਡ ਕੇ ਗਏ ਤਾਂ ਪੰਜਾਬ ਸਿਰ 50 ਹਜ਼ਾਰ ਕਰੋੜ ਦਾ ਕਰਜਾ ਸੀ। ਇਹ ਕਰਜਾ ਹੁਣ ਵੱਧ ਕੇ ਸਵਾ ਸੌ ਕਰੋੜ ਤੋਂ ਜ਼ਿਆਦਾ ਹੋ ਗਿਆ ਹੈ। ਇਸ ਕਰਜੇ ਦੇ ਉਤੇ ਵਿਆਜ ਦਿੰਦਿਆਂ ਹੀ ਪੰਜਾਬ ਦੀ ਕੁੱਲ ਆਮਦਨ ਦਾ ਚੌਥਾ ਹਿੱਸਾ ਖਰਚ ਹੋ ਜਾਂਦਾ ਹੈ। ਬਾਕੀ ਬਚਦੇ ਮਾਲੀਏ ਵਿਚੋਂ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੀ ਤਨਖਾਹ ਅਤੇ ਹੋਰ ਖਰਚੇ ਹੀ ਮੁਸ਼ਕਿਲ ਨਾਲ ਪੂਰੇ ਹੁੰਦੇ ਹਨ। ਵਿਕਾਸ ਦੀ ਕੋਈ ਸਕੀਮ ਉਤੇ ਖਰਚ ਕਰਨ ਲਈ ਕੁਝ ਨਹੀਂ ਬਚਦਾ, ਅਜਿਹੇ ਵਿਚ ਸਰਕਾਰ ਪੰਜਾਬ ਦੇ ਵਿਕਾਸ ਬਾਰੇ ਤਾਂ ਕੁਝ ਵੀ ਨਹੀਂ ਸੋਚ ਸਕਦੀ, ਜੇਕਰ ਸੋਚੇਗੀ ਤਾਂ ਕੋਈ ਹੋਰ ਵਸੀਲਾ ਕਰਨਾ ਪਵੇਗਾ।

ਪੰਜਾਬ ਅਨਾਜ ਦਾ ਕਟੋਰਾ ਹੋਣ ਦੇ ਬਾਵਜੂਦ ਇਸ ਦੀ ਕਿਸਾਨੀ ਦਾ ਲੱਕ ਬੁਰੀ ਤਰ੍ਹਾਂ ਟੁੱਟਿਆ ਪਿਆ ਹੈ। ਕਰਜ਼ਿਆਂ ਦੀ ਮਾਰ ਹੇਠ ਕਿਸਾਨੀ ਅਰਥਚਾਰਾ ਬੁਰੀ ਤਰ੍ਹਾਂ ਲੜਖੜਾ ਰਿਹਾ ਹੈ, ਜਿਸ ਨੂੰ ਪੈਰਾਂ ਸਿਰ ਕਰਨ ਲਈ ਜੇਕਰ ਸਾਰੇ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਤਾਂ ਪੰਜਾਬ 200 ਕਰੋੜ ਤੋਂ ਜ਼ਿਆਦਾ ਦਾ ਕਰਜਾਈ ਹੋ ਜਾਵੇਗਾ।

ਨਸ਼ੇ, ਮਾੜਾ ਪ੍ਰਸ਼ਾਸਨ, ਅਮਨ ਕਾਨੂੰਨ ਦੀ ਵਿਗੜਦੀ ਸਥਿਤੀ ਬੇਸ਼ੱਕ ਪ੍ਰਸ਼ਾਸਨਿਕ ਮਸਲੇ ਹਨ, ਇਹਨਾਂ ਨੂੰ ਕਾਬੂ ਕਰਨ ਲਈ ਵੀ ਪੰਜਾਬ ਸਰਕਾਰ ਨੂੰ ਪੂਰੀ ਤਾਕਤ ਦੀ ਲੋੜ ਹੈ। ਹਾਲਾਂਕਿ ਸਰਕਾਰ ਨੇ ਸ਼ੁਰੂਆਤ ਇਹਨਾਂ ਹੀ ਸਮੱਸਿਆਵਾ ਨੂੰ ਦੂਰ ਕਰਨ ਤੋਂ ਕੀਤੀ ਹੈ। ਪੰਜਾਬ ਵਿਚ ਬਿਜਲੀ ਲੋੜ ਤੋਂ ਵੀ ਜ਼ਿਆਦਾ ਹੈ, ਪਰ ਉਦਯੋਗ ਨਹੀਂ ਹੈ। ਕੱਚਾ ਮਾਲ ਪੈਦਾ ਕਰਨ ਵਾਲੇ ਪੰਜਾਬ ਦੇ ਆਲੂਆਂ ਦੇ ਸੀਜ਼ਨ ਵੇਲੇ ਆਲੂ ਰੁਲਦੇ ਹਨ, ਫਲਾਂ ਦੇ ਸੀਜ਼ਨ ਵੇਲੇ ਫਲ, ਅਨਾਜ ਦੇ ਸੀਜ਼ਨ ਵੇਲੇ ਅਨਾਜ ਅਤੇ ਦੁੱਧ ਦੇ ਸੀਜਨ ਵੇਲੇ ਦੁੱਧ। ਪੰਜਾਬ ਵਿਚ ਪ੍ਰੋਸੈਸਿੰਗ ਉਦਯੋਗ ਦੀਆਂ ਇੰਨੀਆਂ ਪ੍ਰਬੱਲ ਸੰਭਾਵਨਾਵਾਂ ਦੇ ਬਾਵਜੂਦ ਕੋਈ ਕੰਪਨੀ ਜਾਂ ਸਹਿਕਾਰੀ ਸੰਸਥਾ ਇਥੇ ਪ੍ਰਾਸੈਸਿੰਗ ਅਤੇ ਸਟੋਰੇਜ ਵਿਚ ਨਿਵੇਸ਼ ਕਰਨ ਲਈ ਉਤਸ਼ਾਹਿਤ ਨਹੀਂ ਹੁੰਦੀ, ਬਲਕਿ 2007 ਤੋਂ 2014 ਤੱਕ ਪੰਜਾਬ ਵਿਚੋਂ ਕਰੀਬ 19 ਹਜ਼ਾਰ ਉਦਯੋਗਿਕ ਇਕਾਈਆਂ ਬੰਦ ਜਾਂ ਪਲਾਇਨ ਕਰ ਚੁੱਕੀਆਂ ਹਨ। ਸਿੱਖਿਆ ਅਤੇ ਸਿਹਤ ਉਤੇ ਪੰਜਾਬ ਸਰਕਾਰ ਬਹੁਤ ਨਾਮਾਤਰ ਖਰਚ ਕਰ ਪਾਉਂਦੀ ਹੈ। ਇਹਨਾਂ ਸਭ ਮੁਸ਼ਕਿਲਾਂ ਵਿਚਕਾਰ ਹਾਲੇ ਤਾਂ ਮੁੱਖ ਮੰਤਰੀ ਸਾਹਿਬ ਨੇ ਨੌਜਵਾਨਾਂ ਨੂੰ ਸਮਾਰਟ ਫੋਨ ਵੀ ਵੰਡਣੇ ਆਰੰਭ ਨਹੀਂ ਕੀਤੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਨੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-26

## ਗੁਰਬਾਣੀ ਦੇ ਚਾਨਣ ਵਿੱਚ "ਨਿਮਰਤਾ"

ਸੰਸਕ੍ਰਿਤ ਦਾ ਸ਼ਬਦ ਨਮ੍ਰਤਵ=ਨਮ੍ਰਤਾ ਜਿਸ ਤੋਂ ਪੰਜਾਬੀ ਸ਼ਬਦ ਨਿਮਰਤਾ ਹੈ-ਭਾਵ ਨੀਵਾਂਪਨ, ਨਿਰਮਾਣਤਾ, ਦੀਨਤਾ, ਹਲੀਮੀ, ਝੁਕਾਉ ਅਤੇ ਨਿਰਅਭਿਮਾਨਤਾ ਕੁੱਝ ਐਸੀਆਂ ਖੂਬੀਆਂ ਹਨ ਜਿਨ੍ਹਾਂ ਨੂੰ ਪ੍ਰਾਮਤਮਾ ਦੀ ਬਖਸ਼ਿਸ਼ ਸਮਝਿਆ ਜਾਂਦਾ ਹੈ। ਗਰੀਬੀ ਧਾਰਨੀ ਮਨੁੱਖ ਵਿੱਚ ਵੀ ਇਹ ਸਿਫਤਾਂ ਪਾਈਆਂ ਜਾਂਦੀਆਂ ਹਨ। ਇਸ ਸਬੰਧ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ-ਕਰਿ ਕ੍ਰਿਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥ਨਾਨਕ ਈਹਾ ਮੁਕਤ ਆਗੈ ਸੁਖੁ ਪਾਵੈ॥(੨੭੮) ਬੇਸਮਝ ਲੋਕ ਇਨ੍ਹਾਂ ਗੁਣਾਂ ਦੇ ਧਾਰਨੀ ਨੂੰ, ਉਨ੍ਹਾਂ ਦੀ ਕਮਜ਼ੋਰੀ ਸਮਝਦੇ ਹਨ ਪਰ ਇਹ ਕਮਜ਼ੋਰੀ ਨਹੀਂ ਸਗੋਂ ਇਨਸਾਨ ਦੇ ਸੁਭਾ ਦਾ ਵੱਡਾ ਗੁਣ ਹੈ।

ਦੇਖੋ!ਸਿੰਬਲ ਦਾ ਰੁੱਖ ਉਚਾ, ਲੰਮਾ ਅਤੇ ਮੋਟਾ ਹੁੰਦੈ, ਪੰਛੀ ਉਸ ਨੂੰ ਵੇਖ ਨਿਰਾਸ਼ ਹੋ ਵਾਪਸ ਚਲੇ ਜਾਂਦੇ ਹਨ ਕਿਉਂਕਿ ਉਸ ਦੇ ਫਲ ਫਿੱਕੇ ਤੇ ਫੁੱਲ ਬੇਸੁਆਦੇ ਹੁੰਦੇ ਅਤੇ ਪੱਤਿਆਂ ਦੀ ਵੀ ਛਾਂ ਨਹੀਂ ਹੁੰਦੀ। ਨਾਲ ਹੀ ਧਰਤੀ ਤੇ ਮਲ੍ਹੇ ਆਦਿਕ ਨੂੰ ਫਲ ਲੱਗਦੇ ਤੇ ਟਾਹਣੀਆਂ ਵੀ ਫਲ ਪਾ ਕੇ ਨੀਵੀਆਂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਜਿਸ ਮਨੁੱਖ ਦੇ ਮਨ ਵਿੱਚ ਚੰਗੇ ਗੁਣ ਪੈਦਾ ਹੋ ਜਾਣ, ਉਹ ਨਿਮਰਤਾ ਨਾਲ ਭਰ ਜਾਂਦਾ ਹੈ-ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥(੪੭੧)

ਜਿਸ ਦੇ ਹਿਰਦੇ ਵਿੱਚ ਆਪਣੀ ਵਡਿਆਈ, ਦੌਲਤ ਤੇ ਜਵਾਨੀ ਆਦਿਕ ਹੰਕਾਰ ਦੇ ਪਹਾੜ ਬਣੇ ਹੋਣ, ਉਸ ਦੇ ਹਿਰਦੇ 'ਤੇ ਅਕਾਲ ਪੁਰਖ ਦੀ ਰਹਿਮਤ ਦੀ ਵਰਖਾ ਵੀ ਹੁੰਦੀ ਹੋਵੇ ਤਾਂ ਵੀ ਉਹ ਰਹਿਮਤ-ਜਲ ਵੱਲੋਂ ਸੁੱਕਾ ਹੀ ਰਹਿ ਜਾਂਦਾ ਹੈ। ਜਿਵੇਂ ਮੀਂਹ ਦਾ ਪਾਣੀ ਟਿੱਬਿਆਂ 'ਤੇ ਨਹੀਂ ਟਿਕਦਾ ਨੀਵੀ ਥਾਂ ਠਹਿਰਦਾ ਹੈ-ਫਰੀਦਾ ਗਰਬੁ ਜਿਨ੍ਹਾਂ ਵਡਿਆਈਆ ਧਨਿ ਜੋਬਨਿ ਆਗਾਹ॥ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥੧੦੫॥(੧੩੮੩) ਚੰਗੇ ਗੁਣ ਉਸ ਦੇ ਹਿਰਦੇ ਵਿੱਚ ਹੀ ਨਿਵਾਸ ਕਰਦੇ ਨੇ ਜਿਸ ਵਿੱਚ ਨਿਮਰਤਾ ਹੋਵੇ।

ਜੇ ਰੱਬ ਰੂਪੀ ਖੰਡ ਰੇਤ ਵਿੱਚ ਖਿਲਰੀ ਤੇ ਮਨ ਹੰਕਾਰ ਵਿੱਚ ਹਾਥੀ ਬਣਿਆ ਹੋਵੇ ਤਾਂ ਉਹ ਰੱਬੀ ਖੰਡ ਨੂੰ ਪ੍ਰਾਪਤ ਨਹੀਂ ਕਰ ਸਕਦਾ ਪਰ ਜੇ ਕੀੜੀ ਵਾਂਗ ਨਿਮਰਤਾ ਧਾਰ ਲਵੇ ਤਾਂ ਚੁਣ ਚੁਣ ਕੇ ਰੱਬੀ ਮਿਠਾਸ ਪ੍ਰਾਪਤ ਕਰ ਲੈਂਦਾ ਹੈ-ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥(੧੩੭੭)

ਨਿਮਰਤਾ ਦੇ ਇਹ ਅਰਥ ਨਹੀਂ ਕਿ ਮਨੁੱਖ ਸਵੈਮਾਨ ਨਾ ਰੱਖੇ। ਸਵੈਮਾਨ, ਤਾਕਤ ਦੇ ਹੁੰਦਿਆਂ ਨਿਮਰਤਾ ਹੋਣੀ ਚਾਹੀਦੀ ਹੈ। ਨਿਮਾਣੇ ਹੀ ਮਾਣ ਪਾਉਂਦੇ ਹਨ। ਦੇਖੋ! ਤਰਾਜੂ ਦਾ ਪਲੜਾ ਜੋ ਝੁੱਕਦਾ ਹੈ ਉਹ ਹੀ ਭਾਰੀ ਹੁੰਦਾ ਹੈ-ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥(੪੭੧)

ਸਰੀਰ ਦੇ ਸਾਰੇ ਅੰਗਾਂ ਵਿੱਚੋਂ ਸਿਰ ਉੱਚਾ ਤੇ ਚਰਨ ਨੀਵੇਂ ਹਨ। ਸਿਰ ਅੱਗੇ ਕੋਈ ਨਹੀਂ ਨੀਂਵਦਾ ਸਗੋਂ ਸੀਸ ਚਰਨਾਂ ਤੇ ਝੁੱਕਦਾ ਹੈ। ਸਾਰੇ ਅੰਗਾਂ ਨੂੰ ਛੱਡ ਚਰਨ ਹੀ ਕਿਉਂ ਪੂਜੇ ਜਾਂਦੇ ਹਨ? ਕਿਉਂਕਿ ਇਹ ਇਨਸਾਨ ਨੂੰ ਕਿਸੇ ਭਲੇ ਪਾਸੇ ਲੈ ਜਾਂਦੇ, ਹਨ। ਪਾਉੜੀ ਦੇ ਅਖੀਰ ਤੇ ਦਰਸਾਂਦੇ ਨੇ ਕਿ ਮੇਰੀ ਚਮੜੀ ਦੇ ਜੋੜੇ ਬਣਾ, ਐਸੇ ਗੁਰਸਿੱਖਾਂ ਦੇ ਚਰਨੀਂ ਪਾ ਦਿੱਤੇ ਜਾਣ। ਇਹ ਹੈ ਨਿਮਰਤਾ ਦੀ ਸਿਖਰ-ਸਿਰ ਉਚਾ ਨੀਵੇਂ ਚਰਣ ਸਿਰ ਪੈਰੀਨ ਪਾਂਦੇ॥ ਮੂੰਹ ਅਖੀਂ ਨਕ ਕੰਨ ਹਥ ਦੇਹ ਭਾਰ ਉਚਾਂਦੇ।ਸਭ ਚਿਹਨ ਛਡ ਪੂਜੀਅਨ ਕਉਣ ਕਰਮ ਕਮਾਂਦੇ।ਗੁਰ ਸਰਣੀ ਸਾਧਸੰਗਤੀ ਨਿਤ ਚਲ ਚਲ ਜਾਂਦੇ।ਵਤਨ ਪਰਉਪਕਾਰ ਨੋਂ ਕਰ ਪਾਰ ਵਸਾਂਦੇ। ਮੇਰੀ ਖਲਹੁੰ ਮੌਜੜੇ ਗੁਰਸਿਖ ਹੰਢਾਂਦੇ। ਮਸਤਕ ਲਗੇ ਸਾਧ ਰੇਣੁ ਵਡ ਭਾਗ ਜਿਨਾਂ ਦੇ॥(ਭਾ.ਗੁ)

ਸ਼ੇਖ ਬ੍ਰਹਮ ਨੂੰ ਗੁਰੂ ਨਾਨਕ ਸਾਹਿਬ ਕਹਿਆ ਫੁਵਾਰੇ ਦਾ ਜਲ ਜਿਤਨਾ ਨੀਵਾਂ ਜਾਂਵਦਾ ਹੈ ਤਿਤਨਾ ਹੀ ਉਚਾ ਚੜ੍ਹਦਾ ਹੈ। ਤੈਸੇ ਜੋ ਮਨ ਨੀਵਾਂ ਕਰਦੇ ਹਨ ਸੋ ਉਚੀ ਪਦਵੀ ਪ੍ਰਾਪਤ ਕਰ ਲੈਂਦੇ ਹਨ।(ਗਿਆਨ ਰਤਨਾਵਲੀ ਪੌੜੀ ੪੪ਵੀਂ)



ਅਵਤਾਰ ਸਿੰਘ ਮਿਸ਼ਨਰੀ
510-432-5827

ਭਾਈ ਨੰਦ ਲਾਲ ਜੀ ਵੀ ਨਿਮਰਤਾ ਬਾਰੇ ਦਰਸਾਂਦੇ ਹਨ-ਮਾਅਨੀਯੇ ਨਰਮੀ ਗਰੀਬੀ ਆਮਦਹ। ਦਰਦੇ ਹਰਕਸ ਰਾ ਤਬੀਬੀ ਆਮਦਹ॥੫੦॥(ਜ਼ਿੰਦਗੀ ਨਾਮਾ) ਭਾਵ ਗਰੀਬੀ ਨਿਰਅਭਿਮਾਨਤਾ ਅਤੇ ਨਰਮੀ ਹਰੇਕ ਦੇ ਅਭਿਮਾਨ ਰੋਗ ਵਾਸਤੇ (ਤਬੀਬੀ) ਉੱਤਮ ਇਲਾਜ ਹੈ। ਨਿਮਰਤਾ ਦਾ ਇਹ ਭਾਵ ਨਹੀਂ ਕਿ ਆਦਮੀ ਸਵੈਮਾਨ ਨਾ ਰੱਖਦਾ ਹੋਵੇ। ਸਵੈਮਾਨ, ਤਾਕਤ ਆਦਿਕ ਉੱਤਮ ਗੁਣਾਂ ਦੇ ਨਾਲ ਨਿਮਰਤਾ ਅਤਿ ਜਰੂਰੀ ਹੈ। ਐਸੇ ਨਿਮਰ ਮਨੁੱਖਾਂ ਨੂੰ ਹੀ ਮਾਣ ਮਿਲਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸੰਤ ਸਿਪਾਹੀ ਹੋਣ ਦਾ ਮਾਣ ਬਖਸ਼ਿਆ। ਖਾਲਸੇ ਦੇ ਸ਼ਕਤੀਸ਼ਾਲੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਨਿਮਰਤਾ ਦੀ ਪਾਲਨਾ ਕਰਨ ਲਈ ਕਰੜੀ ਹਦਾਇਤ ਕੀਤੀ। ਆਪਣੇ ਨਿੱਜੀ ਮੁਫਾਦ ਲਈ ਸ਼ਕਤੀ ਦੀ ਵਰਤੋਂ ਮਾੜੀ ਹੈ। ਖਾਲਸੇ ਦਾ ਧਰਮ ਗਰੀਬ ਦੀ ਪਾਲਣਾ, ਮਜ਼ਲੂਮ ਦੀ ਰੱਖਿਆ ਅਤੇ ਬਿਨਾ ਪੱਖਪਾਤ ਕੀਤੇ ਮਨੁੱਖਤਾ ਦੀ ਸੇਵਾ ਹੈ। ਨਿਮਰਤਾ ਦੇ ਧਾਰਨੀ ਇਨਸਾਨ ਪ੍ਰਮਾਤਮਾ ਦੇ ਨੇੜੇ ਹੁੰਦੇ ਅਤੇ ਉਨ੍ਹਾਂ ਵਿੱਚ ਦਇਆ ਆਦਿਕ ਕਈ ਖੂਬੀਆਂ ਪੈਦਾ ਹੋ ਜਾਂਦੀਆਂ ਹਨ। ਗੁਰ ਫੁਰਮਾਨ ਹੈ ਕਿ ਜੋ ਆਪਣੇ ਆਪ ਨੂੰ ਨੀਵਾਂ ਸਮਝੇ, ਉਹ ਅਸਲ ਵਿੱਚ ਉੱਚਾ ਹੁੰਦਾ ਹੈ-ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥(ਸੁਖਮਨੀ)

ਨਿਮਰਤਾ ਦੀਆਂ ਕੁਝ ਹੋਰ ਉਦਾਹਰਣਾਂ-ਗੁਰੂ ਅੰਗਦ ਸਾਹਿਬ ਨੂੰ ਨਿਮਰਤਾ ਕਾਰਨ ਹੀ ਗੁਰੂ ਨਾਨਕ ਸਾਹਿਬ ਪਾਸੋਂ ਗੁਰਗੱਦੀ ਮਿਲੀ ਪਰ ਗੁਰੂ ਨਾਨਕ ਸਾਹਿਬ ਦੇ ਪੁੱਤ੍ਰ ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਹਊਮੈ ਕਾਰਨ ਇਸ ਦਾਤ ਤੋਂ ਵਾਂਝੇ ਰਹਿ ਗਏ। ਜਦ ਗੁਰੂ ਅੰਗਦ ਸਾਹਿਬ ਦੇ ਬੇਟੇ ਦਾਤੂ ਨੇ ਗੁੱਸੇ ਵਿੱਚ ਬਾਬਾ ਅਮਰਦਾਸ ਜੀ ਨੂੰ ਲੱਤ ਕੱਢ ਮਾਰੀ ਤਾਂ ਨਿਮਰਤਾ ਪੁੰਜ ਵਡੇਰੀ ਉਮਰ ਦੇ ਬਾਬੇ ਨੇ ਕਿਹਾ ਬੇਟਾ! ਆਪ ਜੀ ਨੂੰ ਕੋਈ ਚੋਟ ਤਾਂ ਨਹੀਂ ਲੱਗੀ ਕਿਉਂਕਿ ਮੇਰੇ ਬੁੱਢੇ ਦੇ ਹੱਡ ਕਰੜੇ ਹਨ। ਜਦ ਸ੍ਰੀ ਚੰਦ ਨੇ ਗੁਰੂ ਰਾਮਦਾਸ ਜੀ ਤੋਂ ਪੁੱਛਿਆ ਕਿ ਏਨਾਂ ਲੰਬਾ ਦਾਹੜਾ ਕਿਉਂ ਵਧਾਇਆ ਹੈ? ਤਾਂ ਗੁਰੂ ਜੀ ਨੇ ਉੱਤਰ ਦਿੱਤਾ "ਆਪ ਜੀ ਵਰਗੇ ਗੁਰਮੁੱਖਾਂ ਦੇ ਜੋੜੇ ਝਾੜਨ ਲਈ"

ਜਦ ਮੁਗਲ ਬਾਦਸ਼ਾਹ ਹਮਾਯੂੰ ਸ਼ੇਰ ਸ਼ਾਹ ਸੂਰੀ ਪਾਸੋਂ ਹਾਰ ਖਾ, ਗੁਰੂ ਅੰਗਦ ਸਾਹਿਬ ਪਾਸ ਖਡੂਰ ਵਿਖੇ ਅਸ਼ੀਰਵਾਦ ਲੈਣ ਆਇਆ ਤਾਂ ਗੁਰੂ ਜੀ ਰੱਬੀ ਰੰਗ ਵਿੱਚ ਜੁੜੇ ਹੋਏ ਸਨ। ਉਸ ਨੂੰ ਇੰਤਜ਼ਾਰ ਕਰਨੀ ਪਈ ਤਾਂ ਉਨ੍ਹੇ ਗੁੱਸੇ ਨਾਲ ਗੁਰੂ ਤੇ ਤਲਵਾਰ ਕੱਢ ਲਈ। ਇਹ ਦੇਖ ਗੁਰੂ ਜੀ ਹੱਸਦੇ ਹੋਏ ਬੋਲੇ "ਜਿੱਥੇ ਇਸ ਦੀ ਲੋੜ ਸੀ ਉੱਥੇ ਖੁੰਡੀ ਕਿਉਂ ਹੋ ਗਈ?

ਤਾਂ ਉਸ ਦਾ ਹੰਕਾਰ ਢੇਰੀ ਹੋ ਗਿਆ। ਜਦ ਆਖਰੀ ਦਮਾਂ ਤੇ ਪਏ ਰਾਵਣ ਨੇ ਲਛਮਣ ਨੂੰ ਉਪਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਸ੍ਰੀ ਰਾਮਚੰਦ ਨੇ ਕਿਹਾ ਕਿ ਰਾਵਣ ਉੱਚ ਦਰਜੇ ਦਾ ਵਿਦਵਾਨ ਹੈ ਤੂੰ ਇਸ ਦੇ ਪੈਰਾਂ ਵੱਲ ਖਲੋ ਕੇ ਨਿਮਰਤਾ ਸਹਿਤ ਬੇਨਤੀ ਕਰ ਕਿਉਂਕਿ ਕੁਝ ਪ੍ਰਾਪਤ ਕਰਨ ਲਈ ਨਿਮਰ ਹੋਣਾਂ ਪੈਂਦਾ ਹੈ। ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਦਾ ਨਿਰਮਾਣ ਆਮ ਜਗ੍ਹਾ ਨਾਲੋਂ ਹੇਠਾਂ ਕਰਵਾਇਆ ਗਿਆ ਜੋ ਨਿਮਰਤਾ ਦਾ ਸੂਚਕ ਹੈ। ਸ਼ਪੱਸ਼ਟ ਹੈ ਕਿ ਨਿਮਰਤਾ ਇੱਕ ਐਸਾ ਗੁਣ ਹੈ ਜੋ ਇਨਸਾਨ ਨੂੰ ਰੱਬ ਦੇ ਨੇੜੇ ਲਿਆਉਂਦਾ ਅਤੇ ਸੰਸਾਰ ਵਿੱਚ ਇੱਜ਼ਤ-ਮਾਣ ਦਿਵਾਉਂਦਾ ਹੈ। ਇਸ ਦੇ ਧਾਰਨੀ ਵਿੱਚ ਕੁਰਬਾਨੀ, ਸਾਂਝੀਵਾਲਤਾ ਦਾ ਭਾਵ ਪੈਦਾ ਹੋ ਜਾਂਦਾ ਹੈ।

# ਵਿਰਸਾ - ਅਲੋਪ ਹੋ ਗਈ ਰੱਸੀਆਂ ਵੱਟਣੀ ਕੁੰਡੀ

ਪੰਜਾਬ 'ਚ ਜਦੋਂ ਖੇਤੀਬਾੜੀ ਦੇ ਧੰਦੇ ਦਾ ਮਸ਼ੀਨੀ ਕਰਨ ਨਹੀਂ ਹੋਇਆ ਸੀ। ਉਸ ਸਮੇਂ ਖੇਤੀ ਦਾ ਸਾਰੇ ਦਾ ਸਾਰਾ ਧੰਦਾ ਹੱਥਾਂ ਨਾਲ ਅਤੇ ਬਲਦਾਂ ਨਾਲ ਕੀਤਾ ਜਾਂਦਾ ਸੀ। ਖੇਤੀ ਦਾ ਕੰਮ ਲਗਭਗ ਸਾਰਾ ਸਾਲ ਚੱਲਦਾ ਰਹਿੰਦਾ ਸੀ। ਹਾੜ੍ਹੀ ਦੇ ਸੀਜਨ ਵਿੱਚ ਜਦੋਂ ਕਣਕ ਵੱਢੀ ਜਾਂਦੀ ਸੀ ਤਾਂ ਵੱਢੀ ਕਣਕ ਦੀਆਂ ਭਰੀਆਂ ਬੰਨ੍ਹੀਆਂ ਜਾਂਦੀਆਂ ਸੀ। ਭਰੀਆਂ ਬੰਨ੍ਹਣ ਲਈ ਰੱਸੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਰੱਸੀਆਂ ਸਣ ਤੋਂ ਬਣਦੀਆ ਸਨ। ਸਣ ਦੇ ਬੂਟਿਆਂ ਨੂੰ ਕੱਟਣ ਉਪਰੰਤ ਭਰੀਆਂ ਬਣਾ ਕੇ ਪਿੰਡ ਦੇ ਟੋਭੇ ਜਾਂ ਛੱਪੜ ਵਿੱਚ ਦੋ ਹਫ਼ਤਿਆਂ ਲਈ ਡੁਬੋ ਦਿੱਤਾ ਜਾਂਦਾ ਸੀ। ਇਸ ਪ੍ਰਕਾਰ ਇਸ ਦੇ ਰੇਸ਼ੇ ਪੋਲੇ ਹੋ ਕੇ ਛਿੱਲਣ ਯੋਗ ਹੋ ਜਾਂਦੇ ਸਨ। ਜਿਮੀਦਾਰ ਆਪਣੇ ਵਿਹਲੇ ਸਮੇਂ ਵਿੱਚ ਰੇਸ਼ੇਦਾਰ ਬੂਟਿਆਂ ਵਿੱਚੋਂ ਰੇਸ਼ਾ ਛਿੱਲ ਕੇ ਜੁਦਾ ਕਰ ਲੈਂਦੇ ਸਨ। ਫਿਰ ਇਸ ਰੇਸ਼ੇ ਨੂੰ ਰੱਸੀਆਂ ਵੱਟਣੀ ਕੁੰਡੀ ਨਾਲ ਦੂਹਰਾ, ਤੀਹਰਾ ਜਾਂ ਚੌਹਰਾ ਕੀਤਾ ਜਾਂਦਾ ਸੀ।



ਇੱਕ ਜਣਾ ਰੱਸੀਆਂ ਵੱਟਣੀ ਕੁੰਡੀ ਨੂੰ ਹੱਥ 'ਚ ਫੜ੍ਹ ਕੇ ਘੁੰਮਾਈ ਜਾਂਦਾ ਤੇ ਪਿਛਾਂਹ ਹਟਦਾ ਜਾਂਦਾ, ਦੂਜਾ ਜਣਾ ਰੇ-ਸ਼ਿਆਂ ਨੂੰ ਰੇਸ਼ਿਆਂ ਨਾਲ ਜੋੜੀ ਜਾਂਦਾ। ਇਸ ਤਰ੍ਹਾਂ ਇੱਕ ਵੱਡੀ ਸਾਰੀ ਰੱਸੀ ਬਣਾ ਲਈ ਜਾਂਦੀ। ਫਿਰ ਉਸ ਵੱਡੀ ਰੱਸੀ ਨੂੰ ਕੱਟ ਕੇ ਛੋਟੀਆਂ ਰੱਸੀਆਂ ਬਣਾ ਲਈਆਂ ਜਾਂਦੀਆਂ ਤੇ ਫਿਰ ਉਨ੍ਹਾਂ ਛੋਟੀਆਂ ਰੱਸੀਆਂ ਨਾਲ ਭਰੀਆਂ ਬੰਨ੍ਹ ਲਈਆਂ ਜਾਂਦੀਆਂ। ਰੱਸੀਆਂ ਵੱਟਣੀ ਕੁੰਡੀ ਤਾਰ ਅਤੇ ਦੋ ਬਾਂਸ ਜਾਂ ਲੱਕੜ ਦੇ ਟੁਕੜਿਆਂ ਦੀ ਬਣਾਈ ਜਾਂਦੀ ਸੀ। ਜਿਸ ਤਰ੍ਹਾਂ ਤੁਸੀਂ ਤਸਵੀਰ 'ਚ ਦੇਖ ਰਹੇ ਹੋ।



ਤਸਵਿੰਦਰ ਸਿੰਘ ਬੜੈਚ
91-98763-22677

ਦੇਖਣ ਨੂੰ ਇਹ ਸੰਦ ਬਹੁਤ ਛੋਟਾ ਲੱਗਦਾ ਹੈ ਪਰ ਕੰਮ ਇਹ ਬਹੁਤ ਵੱਡਾ ਕਰਦੀ ਸੀ। ਤਕਨੀਕ ਦੇ ਇਸ ਦੌਰ ਵਿੱਚ ਨਾ ਤਾਂ ਪਹਿਲਾਂ ਵਰਗੀਆਂ ਚੀਜ਼ਾਂ ਰਹੀਆਂ ਨੇ ਤੇ ਨਾ ਹੀ ਚੀਜ਼ਾਂ ਦੀ ਵਰਤੋਂ ਕਰਨ ਵਾਲੇ। ਮਸ਼ੀਨੀ ਦੌਰ ਵਿੱਚ ਹੱਥੀਂ ਕੰਮ ਕਰਨਾ ਘਟ ਗਿਆ ਹੈ। ਜਿਸ ਕਰਕੇ ਹੱਥ ਨਾਲ ਚੱਲਣ ਵਾਲੀਆਂ ਚੀਜ਼ਾਂ ਅਲੋਪ ਹੋ ਰਹੀਆਂ ਹਨ। ਹੋਰਨਾ ਚੀਜ਼ਾਂ ਵਾਂਗ ਇਹ ਰੱਸੀਆਂ ਵੱਟਣੀ ਕੁੰਡੀ ਵੀ ਹੁਣ ਅਲੋਪ ਹੋ ਗਈ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕ੍ਰਾਂਤੀ ਦਾ ਸੁਨੇਹਾ ਦਿੰਦਾ ਤੁਰ ਗਿਆ ਮੱਖਣ

ਪੰਜਾਬ ਦੇ ਕੋਨੇ ਕੋਨੇ 'ਚ ਨਾਟਕਾਂ/ਕ੍ਰੋਇਓਗ੍ਰਾਫੀਆਂ ਰਾਹੀਂ ਸਮਾਜਿਕ ਪ੍ਰੀਵਰਤਨ ਦੀ ਅਲਖ਼ ਜਗਾਉਣ ਵਾਲਾ ਮੱਖਣ ਕ੍ਰਾਂਤੀ ਸਰੀਰਕ ਤੌਰ 'ਤੇ ਸਾਡੇ 'ਚ ਨਹੀਂ ਰਿਹਾ ਪਰ ਉਸ ਦੀ ਦੇਣ ਸਮਾਜ ਲਈ ਚੇਤਨਾ ਦਾ ਪ੍ਰਤੀਕ ਬਣੀ ਰਹੇਗੀ। ਹਜ਼ਾਰਾਂ ਸਟੇਜਾਂ 'ਤੇ ਸਮੇਂ ਦੇ ਹਾਕਮਾਂ ਨੂੰ ਦਰੁਸਤ ਹੋਣ, ਕੁਰੀਤੀਆਂ ਤੋਂ ਦੂਰ ਰਹਿਣ,ਭਾਈਚਾਰਕ ਸਾਂਝ ਵਧਾਉਣ, ਵਹਿਮ ਭਰਮ ਨਿੰਦਣ ਵਾਲਾ ਕ੍ਰਾਂਤੀਕਾਰੀ ਮੱਖਣ ਦੇ ਪ੍ਰੇਮੀ ਸਦਮੇਂ 'ਚ ਹਨ। ਪ੍ਰਗਤੀ ਕਲਾ ਕੇਂਦਰ ਲਾਂਦੜਾ ਦੇ ਬੈਨਰ ਹੇਠ 25ਸਾਲ ਵਾਲੇ ਸਫ਼ਰ 'ਚ ਉਸ ਨੇ ਸਮਾਜ ਦਾ ਦੁੱਖ ਦਰਦ ਮਨ 'ਤੇ ਲਾਉਂਦਿਆਂ ਉਸ ਦੇ ਸਥਾਈ ਹੱਲ ਲਈ ਵੱਡੇ ਪੱਧਰ 'ਤੇ ਆਵਾਜ਼ ਬੁਲੰਦ ਕੀਤੀ। ਨਾਟਕਕਾਰ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਤੋਂ ਉਸ ਨੂੰ ਸਮਾਜ ਪ੍ਰੇਮ ਦੀ ਐਸੀ ਗੁੜਤੀ ਮਿਲੀ ਕਿ ਜ਼ਿੰਦਗੀ 'ਚ ਸਟੇਜ ਉਸ ਲਈ ਇਬਾਦਤ ਬਣ ਗਈ। ਉਸ ਨੇ ਆਪਣੇ ਮਿਸ਼ਨ ਦੀ ਪੂਰਤੀ ਲਈ ਲੋਕ ਹਿੱਤਾਂ ਨੂੰ ਹੀ ਪਹਿਲ ਦਿੱਤੀ ਅਤੇ ਕਾਰਜ ਦੇ ਇਵਜ਼ ਵਜੋਂ ਕਿਸੇ ਕਿਸਮ ਦੇ 'ਸੇਵਾ ਫ਼ਲ' ਦੀ ਆਸ ਨਹੀਂ ਰੱਖੀ। ਇਸ ਟੀਮ 'ਚ ਉਸ ਦਾ ਭਰਾ ਸੋਢੀ ਰਾਣਾ ਉਸ ਦਾ ਹਾਣੀ ਬਣਿਆ ਇੱਥੋਂ ਤੱਕ ਦੋਵਾਂ ਦੇ ਬੱਚੇ ਵੀ ਨੰਨ੍ਹੇ ਅਦਾਕਾਰਾਂ ਵਜੋਂ ਜਿਵੇਂ ਨਾਟਕ ਕਲਾ ਲਈ ਹੀ ਪੈਦਾ ਹੋਏ ਸਾਬਤ ਹੋਏ। 'ਤਮਾਸਾ-ਏ-ਹਿੰਦੋਸਤਾਨ', 'ਸਾੜਸਤੀ','ਟੋਆ', 'ਮਿੱਟੀ ਰੁਦਣ ਕਰੇ', 'ਕੰਮੀਆਂ ਦਾ ਵਿਹੜਾ''ਮਿੱਟੀ ਦਾ ਬੋਝ' ਆਦਿ ਨਾਟਕਾਂ 'ਚ ਮੱਖਣ



ਕ੍ਰਾਂਤੀ ਦੇ ਨਿਭਾਏ ਸਾਰੇ ਕਿਰਦਾਰ ਮੂੰਹ ਚੜ੍ਹ ਬੋਲਦੇ ਸਨ। 'ਵੇ ਮੈਂ ਵਸਦੀ ਉਜੜ ਗਈ', 'ਮੈਂ ਧਰਤੀ ਪੰਜਾਬ ਦੀ' ਵਰਗੇ ਗੀਤਾਂ ਦੀ ਕੋਰਓਗ੍ਰਾਫੀਆਂ 'ਚ ਉਸ ਦੀ ਅਦਾਕਾਰੀ ਤਾਂ ਦਰਸ਼ਕਾਂ ਨੂੰ ਕੀਲ ਦਿੰਦੀ ਸੀ। ਸਰਕਾਰੀ ਮੁਲਾਜ਼ਮ ਹੁੰਦਿਆਂ ਉਸ ਨੇ ਕਦੇ ਸਰਕਾਰਾਂ ਦੀ ਪ੍ਰਵਾਹ ਨਹੀਂ ਕੀਤੀ ਅਤੇ ਜਿਹਨਾ ਸਕੂਲਾਂ 'ਚ ਵੀ ਉਸ ਨੇ ਪੜ੍ਹਾਇਆ ਕਿਤਾਬੀ ਅਧਿਐਨ ਦੇ ਨਾਲ ਨਾਲ ਜ਼ਿੰਦਗੀ ਦੀਆਂ ਬਾਰੀਕੀਆਂ ਬਾਰੇ ਦੱਸੀਆਂ ਗੱਲਾਂ ਵਿਦਿਆਰਥੀਆਂ ਲਈ ਅਨਮੋਲ ਖਜਾਨਾ ਸਾਬਤ ਹੋਈਆਂ ਹਨ। ਪਿੰਡ ਦੀ ਜੂਹ 'ਚ ਹੀ ਉਹਨਾ ਨਾਟਕ ਕਲਾ ਦੇ ਬਹੁਪੱਖੀ ਵਿਕਾਸ ਲਈ ਬਲਰਾਜ ਸਾਹਨੀ ਯਾਦਗਾਰੀ ਨਾਟਕ ਮੇਲਾ ਸਥਾਪਿਤ ਕੀਤਾ ਅਤੇ ਜੋ ਕਿ ਕਈ ਸਾਲਾਂ ਤੋਂ ਨਿਰਵਿਗਨ ਚਲ ਰਿਹਾ ਹੈ।

ਵਿਅਕਤੀਗਤ ਤੌਰ 'ਤੇ ਜਨ ਜੀਵਨ 'ਚ ਵਿਚਰਦਿਆਂ ਚਿਹਰੇ 'ਤੇ ਹਲਕੀ ਜਿਹੀ ਮੁਸਕਾਨ, ਪਹਿਰਾਵੇ ਦੀ ਸਾਦਗੀ, ਅਪਣੱਤ ਭਰਪੂਰ ਵਿਵਹਾਰ ਵੀ ਮੱਖਣ ਕ੍ਰਾਂਤੀ ਦੇ ਗਹਿਣੇ ਸਨ। ਉਸ ਦੇ ਤੁਰ ਜਾਣ ਤੋਂ ਬਾਅਦ ਘਰ 'ਚ ਵਿਛੇ ਸੱਥਰ 'ਤੇ ਪਰਿਵਾਰਕ ਮੈਂਬਰ ਭਾਵੇਂ 'ਰੋਵੋ ਨਾ ਮੱਖਣ ਦੀਆਂ ਗੱਲਾਂ ਕਰੋ' ਨਾਲ ਦਰਦ ਛੁਪਾਉਣ ਦੀ ਕੋਸ਼ਿਸ਼ ਕਰ ਰਹੇ ਸਨ ਪਰ ਦੁੱਖ ਸਾਂਝਾ ਕਰਨ ਪੁੱਜਣ ਵਾਲਿਆਂ ਦੀਆਂ ਅੱਖਾਂ ਨਮ ਹੋਣੋ ਬਚਾ ਨਾ ਸਕੀਆਂ।

ਬੀਤੇ ਦਿਨੀ ਲੁਧਿਆਦਾ ਵਿਖੇ ਵਾਪਰੇ ਸੜਕ ਹਾਦਸੇ 'ਚ ਮੱਖਣ ਕ੍ਰਾਂਤੀ ਦੀ ਮੌਤ ਹੋ ਗਈ ਅਤੇ ਸੋਢੀ ਰਾਣਾ ਵਾਲ ਵਾਲ ਬਚਿਆ। ਉਸ ਦੇ ਚਲੇ ਜਾਣ ਨਾਲ ਭਾਵੇਂ ਨਾ ਪੂਰਿਆ

**ਸੁਰਜੀਤ ਮਜਾਰੀ**
**91-9872193237**

ਹੋਣ ਵਾਲਾ ਘਾਟਾ ਪਿਆ ਹੈ ਪਰ ਉਸ ਦੇ ਆਰੰਭੇ ਕਾਰਵਾਂ ਨੂੰ ਮੰਜ਼ਿਲ ਵੱਲ ਲੈ ਜਾਣ ਲਈ ਉਸ ਦੀ ਨਾਟਕ ਟੀਮ ਨੂੰ ਹੌਂਸਲਾ ਦੇਣ ਦੀ ਲੋੜ ਹੈ। ਸਾਡੇ ਪਿੰਡ ਨਾਟਕ ਖੇਡਣ ਆਏ ਮੱਖਣ ਕ੍ਰਾਂਤੀ ਦੇ ਉਸ ਦੀ ਸਮਰੱਥਾ ਦਾ ਹੂ-ਬ-ਹੂ ਇਜ਼ਹਾਰ ਕਰਦੇ ਮੰਚ ਤੋਂ ਬੋਲੇ ਬੋਲ ਉਸ ਨੂੰ ਸਰਧਾਂਜ਼ਲੀ ਵਜੋਂ ਸਾਂਝੇ ਕਰ ਰਿਹਾ ਹਾਂ ' ਦੋਸਤੋ ਜ਼ਿਨਾਂ ਸਮਾਂ ਸਮਾਜ ਅੰਦਰ ਬਰਾਬਰਤਾ ਅਤੇ ਭਾਈਚਾਰਕ ਸਾਂਝ ਦਾ ਵਰਤਾਰਾ ਕਾਇਮ ਨਹੀਂ ਹੁੰਦਾ ਉਦੋਂ ਤੱਕ ਜ਼ਿੰਦਗੀ 'ਚ ਪਰਿਵਾਰਕ ਸੁੱਖ ਅਤੇ ਨਿੱਜੀ ਪੂਰਤੀਆਂ ਕੋਈ ਮਾਅਨਾ ਨਹੀਂ ਰਖਾਉਂਦੀਆਂ।'

## ਕਿੱਥੇ ਗਈ ਇਨਸਾਨੀਅਤ? - ਮੱਖਣ ਕ੍ਰਾਂਤੀ ਨਹੀਂ ਰਿਹਾ

ਮੱਖਣ ਕ੍ਰਾਂਤੀ ਦੇ ਸ.ਰਧਾਂਜਲੀ ਸਮਾਰੋਹ ਮੌਕੇ ਇੱਕ ਮੁੱਖ ਗੱਲ ਉੱਭਰ ਕੇ ਆਈ ਕਿ ਮੱਖਣ ਕ੍ਰਾਂਤੀ ਨੂੰ ਸਿਸਟਮ ਨੇ ਖੋਹ ਲਿਆ ਹੈ।ਸੜਕਾਂ ਸਹੀ ਨਹੀਂ ਹਨ।ਕਾਰਾਂ, ਗੱਡੀਆਂ ਨਵੀਆਂ ਤੋਂ ਨਵੀਆਂ ਆ ਰਹੀਆਂ ਹਨ। ਉਹ ਕਿਹੜੀਆਂ ਸੜਕਾਂ ਉੱਤੇ ਚੱਲਣਗੀਆਂ? ਯਕੀਨਨ.... ਇਹੋ ਸੜਕਾਂ ਉੱਤੇ। ਫੇਰ ਇਹਦਾ ਹੱਲ ਕੀ ਹੈ? ਜਦੋਂ ਦੁਰਘਟਨਾ ਵਾਪਰਦੀ ਹੈ, ਤਾਂ 108 ਨੰਬਰ ਦਾ ਅੱਧਾ ਘੰਟਾ ਇੰਤਜ.ਾਰ ਬਹੁਤ ਵੱਡਾ ਹੈ। ਫੇਰ ਇਹ ਵੀ ਕਿ ਉਹ ਹੀ ਲੋਕ , ਜੋ ਚੰਡੀਗੜ੍ਹ ਜਾ ਕੇ ਸਾਰੇ ਟ੍ਰੈਫਿਕ ਨਿਯਮ ਮੰਨਦੇ ਹਨ, ਉਨ੍ਹਾਂ ਨੂੰ ਪੰਜਾਬ ਚ ਇਹ ਨਿਯਮ ਕਿੰਝ ਯਾਦ ਨਹੀਂ ਰਹਿੰਦੇ।

**ਅਗਲੀ ਗੱਲ ਇਨਸਾਨੀਅਤ ਦੀ ਹੈ:**

ਇੱਕ ਇਨਸਾਨ ਅੱਧਾ ਘੰਟਾ ਸੜਕ ਉੱਤੇ ਤੜਫਦਾ ਰਿਹਾ ਅਤੇ ਉਸਦਾ ਭਰਾ ਲੋਕਾਈ ਨੂੰ ਕਹਿ ਰਿਹਾ ਕਿ ਇਸਨੂੰ ਹਸਪਤਾਲ ਪਹੁੰਚਾਓ ਪਰ ਕੋਈ ਗੱਡੀ ਨਹੀਂ ਰੁਕਦੀ। ਦਿਨ ਦਿਹਾੜੇ ਕੋਈ ਨਹੀਂ ਰੁਕਦਾ। ਉਨ੍ਹਾਂ ਵਿੱਚੋਂ ਕਿੰਨੇ ਹੀ ਹੋਣੇ ਨੇ ਜੋ ਫੇਸ ਬੁੱਕ ਜਾਂ ਵਟਸਐਪ ਚਲਾਉਂਦੇ ਹੋਣਗੇ ਅਤੇ ਕਿੰਨੀਆਂ ਹੀ ਪੋਸਟਾਂ ਪਾਉਂਦੇ ਹੋਣਗੇ ਜਿਸ ਚ ਇਮਾਨਦਾਰੀ, ਹਮਦਰਦੀ, ਦੂਜਿਆਂ ਦੇ ਕੰਮ ਆਉਣ ਵਾਲੀਆਂ ਪੋਸਟਾਂ ਵੀ ਹੋਣਗੀਆਂ ਪਰ ਸਭ ਦਾ ਇੰਨਾ ਖ਼ੂਨ ਠੰਢਾ ਹੋ ਗਿਆ ਕਿ ਇੱਕ ਮਰ ਰਹੇ ਇਨਸਾਨ ਦੀ ਮੱਦਦ ਕਰਨ ਲਈ ਕੋਈ ਅੱਗੇ ਨਹੀਂ ਆਇਆ। ਉਹ ਵੀ ਉਸ ਕਲਾਕਾਰ ਲਈ, ਜਿਸ ਨੇ ਆਪਣੀ ਸਾਰੀ ਜਿੰ.ਦਗੀ ਲੋਕਾਂ ਲਈ ਅਰਪਿਤ ਕੀਤੀ ਹੋਵੇ। ਜਿਸ ਨੇ ਨਾਟਕਾਂ, ਕੋਰਿਓਗ੍ਰਾਫੀਆਂ ਰਾਹੀਂ ਅਵਾਮ ਨੂੰ ਜਗਾਉਣ ਲਈ ਰਾਤ ਦਿਨ ਇੱਕ ਕੀਤਾ ਹੋਵੇ। ਜੇਕਰ ਉਸਦੀ ਥਾਂ ਕੋਈ ਚਲੰਤ ਕਿਸਮ ਦਾ ਗਾਇਕ, ਗਾਇਕਾ, ਫੂਹੜ ਫਿਲਮਾਂ ਵਿੱਚ ਕੋਈ ਛੋਟਾ ਮੋਟਾ ਰੋਲ ਕਰਨ ਵਾਲਾ ਜਾਂ ਵਾਲੀ ਹੁੰਦਾ, ਤਾਂ ਇਹ ਹੀ ਲੋਕ ਭੱਜ ਭੱਜ ਉਸਦੀ ਮੱਦਦ ਲਈ ਹਫੇ ਹੋਣੇ ਸਨ। ਇਹ ਸਾਡਾ ਸੋਚਣ ਦਾ ਵਿਸਾ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਚੰਗੇ ਚੰਗੇ ਬਣ ਬਣ ਕੇ ਫੇਸ ਬੁੱਕ ਭਰ ਦਿੰਦੇ ਹਾਂ। ਜਦੋਂ ਅਸਲ ਚ ਲੋੜ ਪੈਂਦੀ ਹੈ, ਤਾਂ ਅਸੀਂ ਲੋਕ ਕੀ ਬਣ ਜਾਂਦੇ ਹਾਂ।

**ਰਾਬਿੰਦਰ ਸਿੰਘ ਰੱਬੀ ਮੋਰਿੰਡਾ** (8968946129)

## ਮੱਖਣ ਕ੍ਰਾਂਤੀ ਦੀ ਇਕ ਗਜ਼ਲ

ਤੁਸਾਂ ਦਾ ਦੂਰ ਤੁਰ ਜਾਣਾ ਇਹ ਮੈਥੋਂ ਜਰ ਨਹੀਂ ਹੁੰਦਾ।
ਇਹ ਦਿਲ ਛਮ ਛਮ ਜੋ ਰੋਂਦਾ ਹੈ ਇਹਤੋਂ ਚੁੱਪ ਕਰ ਨਹੀਂ ਹੁੰਦਾ।
ਜੇ ਮਿਲਕੇ ਵਿਛੜ ਜਾਣਾ ਸੀ, ਤਾਂ ਕਿਉਂ ਮੋਹ ਪਾ ਲਿਆ ਏਨਾ,
ਇਹ ਤੰਦਾਂ ਮੋਹ ਦੀਆਂ ਪੱਕੀਆਂ ਕਿਨਾਰਾ ਕਰ ਨਹੀਂ ਹੁੰਦਾ।
ਬੜਾ ਮੈਂ ਲੱਭਿਆ ਉਸਨੂੰ ਨਾ ਕਿਧਰੇ ਵੀ ਨਜ.ਰ ਆਵੇ
ਭਰੀ ਮਹਿਫਿਲ ਤਾਂ ਹੁੰਦੀ ਹੈ ਕ੍ਰਾਂਤੀ ਪਰ ਨਹੀਂ ਹੁੰਦਾ।
ਕਦੇ ਦਿਨ ਉਹ ਵੀ ਸਨ ਸਾਡੇ ਦਮਾਂ ਦੀ ਸਾਂਝ ਪਾਉਂਦੇ ਸਾਂ
ਮਿਲਣ ਜਾਈਏ ਕ੍ਰਾਂਤੀ ਆਪਣੇ ਹੁਣ ਘਰ ਨਹੀਂ ਹੁੰਦਾ।

**ਮੱਖਣ ਕ੍ਰਾਂਤੀ ਦੀ ਕਿਤਾਬ ਪੱਤਝੜ ਤੋਂ ਬਾਅਦ ਵਿੱਚੋਂ**

## ਮੱਖਣ ਕ੍ਰਾਂਤੀ ਦੀ ਅੰਤਿਮ ਅਰਦਾਸ ਸਮੇਂ ਸ਼ੋਕ ਸਮਾਚਾਰ ਅਤੇ ਸ਼ੋਕ ਸੁਨੇਹੇ

ਪੇਸ਼ਕਸ਼
ਰੇਸ਼ਮ ਕਰਨਾਣਵੀ

**ਲੋਕ ਹਿੱਤ ਸੰਘਰਸ਼ ਕਮੇਟੀ**
**ਪਿੰਡ ਤੇ ਡਾਕ - ਬਿਲਗਾ, ਜਲੰਧਰ**

ਮੱਖਣ ਕ੍ਰਾਂਤੀ ਮਹਿਜ਼ ਵਿਅਕਤੀ ਨਹੀਂ ਇਕ ਵਿਚਾਰ, ਇਕ ਸੰਘਰਸ਼ ਦਾ ਨਾਂ ਹੈ। ਕਿੰਨੇ ਦੁੱਖ ਦਾ ਗੱਲ ਹੈ ਕਿ ਜਿਹੜੀ ਵਿਵਸਥਾ ਨੂੰ ਬਦਲਣ ਲਈ ਲੜਦਾ ਸੀ, ਉਸੇ ਵਿਵਸਥਾ ਦੀ ਬਲੀ ਚੜ੍ਹ ਗਿਆ। ਲਾਹਨਤ ਹੈ ਅਜਿਹੀ ਵਿਵਸਥਾ ਦੇ। ਸਲਾਮ ਹੈ ਤੇਰੀ ਜਨਮ ਭੂਮੀ ਨੂੰ, ਸਲਾਮ ਹੈ ਤੇਰੀ ਕਰਮ ਭੂਮੀ ਨੂੰ, ਸਲਾਮ ਹੈ ਤੇਰੇ ਵਿਚਾਰ ਨੂੰ, ਸਲਾਮ ਹੈ ਤੇਰੇ ਕਿਰਦਾਰ ਨੂੰ।

**-ਸੁਖਦੇਵ ਬਿਲਗਾ**

**ਏਕ ਨੂਰ ਸਵੈ-ਸੇਵਾ ਸੰਸਥਾ (ਰਜਿ)**
**ਫਗਵਾੜਾ (ਸ਼ਹੀਦ ਭਗਤ ਸਿੰਘ ਨਗਰ)**

ਸਮਾਜਿਕ ਕੁਰੀਤੀਆਂ, ਆਰਥਿਕ ਨਾ ਬਰਾਬਰੀਆਂ ਅਤੇ ਦੇਸ਼ ਵਿਚ ਫੈਲੇ ਭ੍ਰਿਸ਼ਟਾਚਾਰ ਵਿਰੁੱਧ ਡੱਟ ਕੇ ਪਹਿਰਾ ਦੇਣ ਵਾਲਾ ਰੰਗਕਰਮੀ ਅਧਿਆਪਕ ਆਗੂ ਮੱਖਣ ਕ੍ਰਾਂਤੀ, ਪ੍ਰਗਤੀ ਕਲਾ ਕੇਂਦਰ ਲਾਂਦੜਾਂ ਦੇ ਨਿਰਦੇਸ਼ਕ ਦੀ ਹੋਈ ਬੇਵਕਤੀ ਮੌਤ ਤੇ ਏਕ ਨੂਰ ਸਵੈ-ਸੇਵੀ ਸੰਸਥਾਵਾਂ, ਸ਼ਹੀਦ ਭਗਤ ਸਿੰਘ ਨਗਰ, ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ। ਕ੍ਰਾਂਤੀ ਦੇ ਤੁਰ ਜਾਣ ਨਾਲ ਵੁਹਨਾਂ ਦੀ ਸੋਚ ਤੇ ਚੱਲਣ ਵਾਲੇ ਲੋਕਾਂ ਦੇ ਕਾਫਲੇ ਨੂੰ ਇਕ ਜਬਰਦਸਤ ਝਟਕਾ ਲੱਗਾ ਹੈ। ਇਸ ਦੁੱਖ ਦੀ ਘੜੀ ਵਿਚ ਸੰਸਥਾ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਸਤਿਕਾਰ ਸਹਿਤ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹੈ।

**-ਤਰਲੋਚਨ ਸਿੰਘ (ਵਾਈਸ ਚੇਅਰਮੈਨ**

**ਉਪਕਾਰ ਕੋ-ਆਰਡੀਨੇਸ਼ਨ ਸੁਸਾਇਟੀ (ਰਜਿ)**
**ਗੁਰੂ ਨਾਨਕ ਨਗਰ, ਚੰਡੀਗੜ੍ਹ ਰੋਡ ਨਵਾਂਸ਼ਹਿਰ**

ਪਸਿੱਧ ਰੰਗ ਕਰਮੀ ਤੇ ਨਿਰਦੇਸ਼ਕ 'ਪ੍ਰਗਤੀ ਕਲਾ ਕੇਂਦਰ ਲਾਂਦੜਾਂ' ਸ੍ਰੀ ਮੱਖਣ ਸਿੰਘ ਕ੍ਰਾਂਤੀ ਦੇ ਅਚਨਚੇਤੀ, ਬੇਵਕਤ ਵਿਛੋੜੇ ਤੇ ਦੁਨੀਆਂ ਭਰ ਵਿਚ ਸ਼ੋਕ ਦੀ ਲਹਿਰ ਫੈਲ ਗਈ ਹੈ। ਉਹਨਾਂ ਦਾ ਵਿਛੋੜਾ ਇਨਕਲਾਬੀ ਤਾਕਤਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਹਨਾਂ ਆਪਣੇ ਜੀਵਨ ਦਾ ਹਰ ਪਲ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣਨ ਲਈ ਅਰਪਣ ਕਰ ਦਿੱਤਾ। ਇਹ ਸੁਸਾਇਟੀ ਆਪਣੇ ਪ੍ਰਧਾਨ ਸ੍ਰੀ ਨਰਿੰਦਰ ਸਿੰਘ ਭਾਰਟਾ ਜੀ ਦੀ ਅਗਵਾਈ ਵਿਚ ਸਤਿਕਾਰਯੋਗ ਸ੍ਰੀ ਮੱਖਣ ਕ੍ਰਾਂਤੀ ਜੀ ਨੂੰ ਇਨਕਲਾਬੀ ਸ਼ਰਧਾਂਜਲੀ ਭੇਂਟ ਕਰਦੀ ਹੈ। ਪਰਿਵਾਰ, ਰਿਸ਼ਤੇਦਾਰਾਂ, ਦੇਸ਼ ਵਿਦੇਸ਼ ਵਿਚ ਵੱਸਦੇ ਸ਼ੁਭ ਚਿੰਤਕਾਂ ਦੇ ਦੁੱਖ ਵਿਚ ਸ਼ਾਮਲ ਹੁੰਦੀ ਹੈ।

ਕਾਮਨਾ ਹੈ ਕਿ ਸ੍ਰੀ ਮੱਖਣ ਕ੍ਰਾਂਤੀ ਜੀ ਦਾ ਪਰਿਵਾਰ ਤੇ 'ਪ੍ਰਗਤੀ ਕਲਾ ਕੇਂਦਰ ਲਾਂਦੜਾਂ' ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ ਅਤੇ ਸਮਾਜ ਸੇਵਾ ਨੂੰ ਸਮਰਪਿਤ ਰਹੇ।

**- ਜਸਪਾਲ ਸਿੰਘ ਗਿੱਦਾ (ਜਨਰਲ ਸਕੱਤਰ)**

**ਡਾ. ਬੀ. ਆਰ. ਅੰਬੇਡਕਰ ਮਿਸ਼ਨਰੀ ਵੈਲਫੇਅਰ ਐਸੋਸੀਏਸ਼ਨ (ਰਜਿ) ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)**

ਸ੍ਰੀ ਮੱਖਣ ਕ੍ਰਾਂਤੀ ਜੋ ਕਿ ਅੰਬੇਡਕਰ ਸੋਚ ਨੂੰ ਰਾਤ-ਦਿਨ ਮਿਹਨਤ ਕਰਕੇ, ਸਮਾਜ ਦੇ ਲੋਕਾਂ ਤੱਕ ਪਹੁੰਚਾਉਣ ਲਈ ਯਤਨ ਕਰਦੇ ਸਨ, ਅਚਾਨਕ ਇਕ ਸੜਕ ਹਾਦਸੇ ਦੇ ਸ਼ਿਕਾਰ ਹੋ ਗਏ ਅਤੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਸੰਸਥਾ ਉਹਨਾਂ ਦੀ ਅਚਨਚੇਤ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕਰਦੀ ਹੈ ਅਤੇ ਉਹਨਾਂ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਰੱਖਦੀ ਹੈ। ਮੱਖਣ ਕ੍ਰਾਂਤੀ ਅਮਰ ਰਹੇ।

**- ਮਲਕੀਅਤ ਸਾਂਪਲਾ (ਪ੍ਰਧਾਨ)**
**ਅਨਿਲ ਕੁਮਾਰ (ਜਨਰਲ ਸਕੱਤਰ)**

**ਪੰਜਾਬੀ ਸਾਹਿਤ ਸਭਾ (ਰਜਿ)**
**ਦੁਸਾਂਝ ਕਲਾਂ, ਜਲੰਧਰ**

ਮੱਖਣ ਕ੍ਰਾਂਤੀ ਮਹਾਨ ਲੇਖਕ ਤੇ ਇਨਕਲਾਬੀ ਲੀਡਰ ਦੀ ਬੇਵਕਤ ਮੌਤ ਤੇ ਪਰਿਵਾਰ ਅਤੇ ਪੰਜਾਬੀ ਸਾਹਿਤ ਜਗਤ ਨੂੰ ਬਹੁਤ ਵੱਡੇ ਪਏ ਘਾਟੇ ਤੇ ਦੁੱਖ ਮਹਿਸੂਸ ਕਰਦੀ ਹੈ ਤੇ ਵਾਹਿਗੁਰੂ ਦੇ ਚਰਨਾਂ ਵਿਚ ਸਾਨੂੰ ਸਾਰਿਆਂ ਨੂੰ ਦੁੱਖ ਦੀ ਘੜੀ ਸਹਿਣ ਕਰਨ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਦੀ ਅਰਦਾਸ ਕੀਤੀ ਜਾਂਦੀ ਹੈ।

**ਸੋਹਣ ਸਿੰਘ ਭਿੰਡਰ ਤੇ ਸਮੂਹ ਮੈਂਬਰਾਨ**

**ਐਸ. ਡੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ**
**ਅਪਰਾ (ਜਲੰਧਰ)**

ਸਕੂਲ ਸਟਾਫ ਅਤੇ ਮੈਨੇਜਿੰਗ ਕਮੇਟੀ ਵੱਲੋਂ ਸ੍ਰੀ ਮੱਖਣ ਲਾਲ (ਮੱਖਣ ਕ੍ਰਾਂਤੀ) ਜੀ ਦੀ ਬੇਵਕਤੀ ਮੌਤ ਦੇ ਹੋਏ ਘਾਟੇ ਨਾਲ ਅਤੇ ਪਏ ਖਲਾਅ ਕਰਕੇ ਦੁੱਖ ਦਾ ਇਜ਼ਹਾਰ ਕਰਦੇ ਹਾਂ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਵੀ ਭਾਣਾ ਮੰਨਣ ਦਾ ਬਲ ਬਖਸ਼ੇ।

**- ਪ੍ਰਿੰਸੀਪਲ**

**ਪ੍ਰੀਤ ਸਾਹਿਤ ਸਭਾ ਫਗਵਾੜਾ**

ਪ੍ਰੀਤ ਸਾਹਿਤ ਸਭਾ ਫਗਵਾੜਾ ਵੱਲੋਂ ਇਨਕਲਾਬੀ ਰੰਗਕਰਮੀ ਤੇ ਉਘੇ ਲੇਖਕ ਸ੍ਰੀ ਮੱਖਣ ਕ੍ਰਾਂਤੀ ਨਿਰਦੇਸ਼ਕ ਪ੍ਰਗਤੀ ਕਲਾ ਕੇਂਦਰ ਲਾਂਦੜਾ ਦੀ ਹੋਈ ਬੇਵਕਤ ਮੌਤ 'ਤੇ ਸ਼ੋਕ ਮੀਟਿੰਗ ਵਿਚ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਹਨਾਂ ਵੱਲੋਂ ਸਮਾਜਿਕ, ਸਾਹਿਤਕ ਤੇ ਇਨਕਲਾਬੀ ਸਭਿਆਚਾਰ ਵਿਚ ਪਾਏ ਵਡਮੁੱਲੇ ਯੋਗਦਾਨ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਅਰਪਣ ਕੀਤੇ।

**ਸਾਧੂ ਸਿੰਘ ਜੱਸਲ (ਪ੍ਰਧਾਨ**
**ਗੁਰਮੀਤ ਰੱਤੂ (ਸਕੱਤਰ)**
**ਸੋਹਣ ਸਿੰਘ ਭਿੰਡਰ (ਮੀਤ ਪ੍ਰਧਾਨ)**

**ਅਧਿਆਪਕ ਭਲਾਈ ਕਮੇਟੀ, ਫਗਵਾੜਾ**

ਅਧਿਆਪਕ ਭਲਾਈ ਕਮੇਟੀ ਫਗਵਾੜਾ ਵੱਲੋਂ ਅਗਾਂਹਵਧੂ, ਉਸਾਰੂ, ਇਨਕਲਾਬੀ ਰੰਗਕਰਮੀ ਤੇ ਉਘੇ ਅਧਿਆਪਕ ਆਗੂ ਸ੍ਰੀ ਮੱਖਣ ਕ੍ਰਾਂਤੀ, ਨਿਰਦੇਸ਼ਕ ਪ੍ਰਗਤੀ ਕਲਾ ਕੇਂਦਰ ਲਾਂਦੜਾਂ ਦੀ ਹੋਈ ਬੇਵਕਤ ਮੌਤ ਤੇ ਸ਼ੋਕ ਮੀਟਿੰਗ ਵਿਚ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਵੱਲੋਂ ਸਮਾਜਿਕ, ਜਥੇਬੰਦਕ ਤੇ ਇਨਕਲਾਬੀ ਸਭਿਆਚਾਰ ਵਿਚ ਪਾਏ ਵਡਮੁੱਲੇ ਯੋਗਦਾਨ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਅਰਪਣ ਕੀਤੇ।

**ਹੰਸ ਰਾਜ ਬੰਗੜ (ਪ੍ਰਧਾਨ)**
**ਗੁਰਮੁਖ ਸਿੰਘ (ਸਕੱਤਰ)**
**ਪ੍ਰਿੰ: ਤਜਿੰਦਰ ਸੈਣੀ (ਮੀਤ ਪ੍ਰਧਾਨ)**

**ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਨਿਊਜ਼ੀਲੈਂਡ**

ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਨਿਊਜ਼ੀਲੈਂਡ ਵੱਲੋਂ ਅਗਾਂਹਵਧੂ, ਉਸਾਰੂ, ਇਨਕਲਾਬੀ ਰੰਗਕਰਮੀ ਮੱਖਣ ਕ੍ਰਾਂਤੀ ਨਿਰਦੇਸ਼ਕ ਪ੍ਰਗਤੀ ਕਲਾ ਕੇਂਦਰ ਲਾਂਦੜਾਂ ਦੀ ਹੋਈ ਬੇਵਕਤ ਮੌਤ ਤੇ ਸ਼ੋਕ ਮੀਟਿੰਗ ਵਿਚ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਵੱਲੋਂ ਸਮਾਜਿਕ, ਜਥੇਬੰਦਕ ਤੇ ਇਨਕਲਾਬੀ ਸਭਿਆਚਾਰ ਵਿਚ ਪਾਏ ਵਡਮੁੱਲੇ ਯੋਗਦਾਨ ਨੂੰ ਯਾਦ ਕਰਦਿਆਂ ਇਨਕਲਾਬੀ ਸ਼ਰਧਾਂਜਲੀਆਂ ਭੇਂਟ ਕੀਤੀਆਂ। ਜਿਸਦੇ ਨਾਂ ਦੇ ਨਾਲ ਕ੍ਰਾਂਤੀ ਲੱਗਾ ਹੋਵੇ, ਉਹ ਕਦੇ ਨਹੀਂ ਮਰੇਗਾ ਸਗੋਂ ਅਮਰ ਹੋ ਜਾਂਦੇ ਹਨ।

**ਧਰਮਪਾਲ (ਪ੍ਰਧਾਨ)**
**ਗੁਵਿੰਦਰ ਸਿੰਘ (ਸਕੱਤਰ)**
**ਮੁਖਤਿਆਰ ਸਿੰਘ (ਮੀਤ ਪ੍ਰਧਾਨ)**

**ਅਜ਼ਾਦ ਰੰਗ ਮੰਚ ਨਿਊਜ਼ੀਲੈਂਡ**

ਅਜ਼ਾਦ ਰੰਗ ਮੰਚ ਨਿਊਜ਼ੀਲੈਂਡ ਵੱਲੋਂ ਅਗਾਂਹਵਧੂ, ਇਨਕਲਾਬੀ ਰੰਗਕਰਮੀ ਤੇ ਉਘੇ ਲੇਖਕ ਸ੍ਰੀ ਮੱਖਣ ਕ੍ਰਾਂਤੀ ਨਿਰਦੇਸ਼ਕ ਪ੍ਰਗਤੀ ਕਲਾ ਕੇਂਦਰ ਲਾਂਦੜਾਂ ਦੀ ਹੋਈ ਬੇਵਕਤ ਮੌਤ ਤੇ ਸ਼ੋਕ ਮੀਟਿੰਗ ਵਿਚ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਹਨਾਂ ਵੱਲੋਂ ਸਮਾਜਿਕ ਤੇ ਇਨਕਲਾਬੀ ਸਭਿਆਚਾ ਵਿਚ ਪਾਏ ਵਡਮੁੱਲੇ ਯੋਗਦਾਨ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਅਰਪਣ ਕੀਤੇ ਜਾਂਦੇ ਹਨ।

**ਮਨਦੀਪ ਸਿੰਘ**
**(ਨਿਰਦੇਸ਼ਕ ਅਜ਼ਾਦ ਰੰਗ ਮੰਚ ਨਿਊਜ਼ੀਲੈਂਡ)**

**ਗੌਰਮਿੰਟ ਟੀਚਰਜ਼ ਯੂਨੀਅਨ (ਵਿਗਿਆਨਕ)**

ਗੌਰਮਿੰਟ ਟੀਚਰਜ਼ ਯੂਨੀਅਨ (ਵਿਗਿਆਨਕ) ਵੱਲੋਂ ਅਗਾਂਹਵਧੂ, ਉਸਾਰੂ, ਇਨਕਲਾਬੀ ਰੰਗ ਕਰਮੀ ਤੇ ਉਘੇ ਅਧਿਆਪਕ ਆਗੂ ਸ੍ਰੀ ਮੱਖਣ ਕ੍ਰਾਂਤੀ ਨਿਰਦੇਸ਼ਕ ਪ੍ਰਗਤੀ ਕਲਾ ਕੇਂਦਰ ਲਾਂਦੜਾਂ ਦੀ ਹੋਈ ਬੇਵਕਤ ਮੌਤ ਤੇ ਸ਼ੋਕ ਮੀਟਿੰਗ ਵਿਚ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਹਨਾਂ ਵੱਲੋਂ ਸਮਾਜਿਕ, ਜਥੇਬੰਦਕ ਤੇ ਇਨਕਲਾਬੀ ਸਭਿਆਚਾਰ ਵਿਚ ਪਾਏ ਵਡਮੁੱਲੇ ਯੋਗਦਾਨ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਅਰਪਣ ਕੀਤੇ।

**ਕੁਲਵੰਤ ਗਿੱਲ (ਪ੍ਰਧਾਨ)**
**ਕਮਲਜੀਤ ਸੰਗੋਵਾਲ (ਸਕੱਤਰ)**
**ਲਵਪ੍ਰੀਤ ਬੱਲੀ (ਮੀਤ ਪ੍ਰਧਾਨ)**

**ਸ਼ੋਕ ਸਮਾਚਾਰ (ਵੱਲੋਂ ਸੋਢੀ ਰਾਣਾ)**

ਮੱਖਣ ਮੇਰਾ ਮਾਂ ਜਾਇਆ (ਸਕਾ) ਛੋਟਾ ਭਰਾ ਵੀ ਹੈ, ਮਿੱਤਰ ਵੀ ਹੈ ਅਤੇ ਬੱਚਾ ਵੀ ਹੈ। ਸਾਡੇ ਸੁਭਾਅ ਭਾਵੇਂ ਅਲੱਗ-ਅਲੱਗ ਹਨ ਪਰ ਵਿਚਾਰਧਾਰਾਂ ਇਕ ਹੈ। ਇਸ ਕਰਕੇ ਸਾਨੂੰ ਆਪਣਿਆਂ ਨਾਲ ਵੀ ਲੜਨਾ ਪਿਆ। ਆਖਿਰ ਜਿੱਤ ਸਾਡੇ ਵਿਚਰਾਂ ਦੀ ਹੀ ਹੋਈ ਹੈ। ਜਦੋਂ ਮੈਂ ਮਾਰਕਸੀ ਵਿਚਾਰਾਂ ਦਾ ਧਾਰਨੀ ਬਣਿਆ, ਉਦੋਂ ਮੱਖਣ ਛੋਟਾ ਜਿਹਾ ਸੀ। ਇਸ ਦੇ ਬੁੱਲ੍ਹਾਂ 'ਤੇ ਸੰਤ ਰਾਮ ਉਦਾਸੀ, ਜੈਮਲ ਪੱਡਾ, ਪਾਸ਼, ਜਸਵਿੰਦਰ ਜਾਂ ਮੇਰੇ ਗੀਤ-ਕਵਿਤਾਵਾਂ ਦੇ ਬੋਲ ਹੀ ਹੁੰਦੇ ਸਨ। ਇਸ ਉਮਰੇ ਇਸ ਨੂੰ ਹਮਜਮਾਤੀਆਂ ਅਤੇ ਅਧਿਆਪਕਾਂ ਵੱਲੋਂ ਸਲਮਾਨ ਚਿੰਨ੍ਹ 'ਕ੍ਰਾਂਤੀ' ਤਖੱਲਸ ਮਿਲਿਆ। ਉਸ ਤੋਂ ਬਾਅਦ ਇਹ ਮੱਖਣ ਲਾਲ ਤੋਂ ਮੱਖਣ ਕ੍ਰਾਂਤੀ ਬਣ ਗਿਆ। ਮੈਨੂੰ ਮਾਣ ਹੈ ਕਿ ਮੈਂ ਇਕ 'ਕ੍ਰਾਂਤੀ' ਪੈਦਾ ਕੀਤਾ ਹੈ। ਛੋਟੀ ਉਮਰੇ ਮੇਰੇ ਮਗਰ-ਮਗਰ ਆਉਂਦਾ ਹੁਣ ਮੇਰੇ ਹਮਸਫਰ ਬਣ ਗਿਆ ਹੈ। ਮੇਰੇ ਕਦਮ ਨਾਲ ਕਦਮ ਮਿਲਾ ਕੇ ਤੁਰਦਾ ਹੈ। ਸਾਡੀ ਮੰਜ਼ਿਲ ਇਕ ਹੈ, ਸੁਪਨੇ ਇਕ ਹਨ ਤੇ ਰਸਤੇ ਇਕ ਹਨ। ਬਹੁਤ ਅਫਸੋਸ ਹੋਇਆ ਕਿ ਉਹ ਇਸ ਦੁਨੀਆ ਵਿਚ ਨਹੀਂ।

**SSACH Foundation**

We members of the ssach foundation unanimously condloe the untimely demise of our comrade Sh. Makhan Kranti a teacher, a social activist, an artist and a kind hearted person. His departure is not only a loss to the family but a great loss to the society also. He spread logical and rational discourse in enchanting and simple way with compassion and worked for the cause with great courage and selflessly. His contribution in advancing agenda of poor and depressed classes and in the arena of art is unparallel. The vacum so created will take years to refill. At this juncture of time we exhibit our solidarity with the grief stricken family.

**Ranjit Kumar, Advocate**
**Gendral Secretary.**

# ਗੱਲਾਂ ਹਮੇਸ਼ਾ ਸਰਕਾਰ ਬਣਾਉਣ ਦੀਆਂ, ਹਾਰ 'ਤੇ ਕਦੇ ਮੰਥਨ ਨਹੀਂ

## ਬਸਪਾ 'ਚ ਲੀਡਰਸ਼ਿਪ ਬਦਲਣ ਦੀ ਲੋੜ: ਭਗਵਾਨ ਸਿੰਘ

1992 ਦੀਆ ਲੋਕ ਸਭਾ ਚੋਣਾਂ 'ਚ 19.71 ਫੀਸਦੀ ਵੋਟ ਬੈਂਕ ਅਤੇ ਇਸੇ ਸਾਲ ਹੋਈਆਂ ਵਿਧਾ ਯਭਾ ਚੋਣਾਂ 'ਚ 16.32 ਫੀਸਦੀ ਵੋਟ ਬੈਂਕ ਵਾਲੀ ਬਹੁਜਨ ਸਮਾਜ ਪਾਰਟੀ (ਬਸਪਾ) ਦਾ 2017 ਦੀਆਂ ਲੋਕ ਸਭਾ ਚੋਣਾਂ 'ਚ ਵੋਟ ਬੈਂਕ ਸਿਮਟ ਕੇ 1.5 ਫੀਸਦੀ ਰਹਿ ਗਿਆ ਹੈ। ਇਸ ਗੱਲ ਨੂੰ ਲੈ ਕੇ ਦਲਿਤ ਭਾਈਚਾਰੇ ਦਾ ਇਕ ਬਹੁਤ ਵੱਡਾ ਤਬਕਾ ਚਿੰਤਾ 'ਚ ਹੈ। ਪਾਰਟੀ ਨੇਤਾ ਭਗਵਾਨ ਸਿੰਘ ਚੌਹਾਨ ਨੇ ਇਸ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਸਿੱਧੀ ਸੂਬੇ ਦੀ ਲੀਡਰਸ਼ਿਪ ਨੂੰ ਬਦਲਣ ਤੱਕ ਦੀ ਮੰਗ ਕਰ ਦਿੱਤੀ ਹੈ। ਚੌਹਾਨ ਦਾ ਕਹਿਣਾ ਹੈ ਕਿ ਇਹ ਹਾਲ ਇਕੱਲੇ ਪੰਜਾਬ 'ਚ ਹੀ ਨਹੀਂ, ਕੌਮੀ ਪੱਧਰ 'ਤੇ ਵੀ ਕਦੇ ਹਾਰ ਦੇ ਕਾਰਨਾਂ 'ਤੇ ਮੰਥਨ ਨਹੀਂ ਹੋਇਆ ਹੈ।



### ਕੱਦਾਵਾਰ ਨੇਤਾ ਖੁੱਡੇ ਲਾਈਨ

ਭਗਵਾਨ ਸਿੰਘ ਚੌਹਾਨ ਨੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਪਾਰਟੀ ਦੀ ਹਾਰ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਪਾਰਟੀ 'ਚ ਜਿੰਨੇ ਵੀ ਵੱਡੇ ਕੱਦਾਵਰ ਨੇਤਾ ਸਨ, ਉਨ੍ਹਾਂ ਨੂੰ ਖੁੱਡੇ ਲਾਈਨ ਲਾ ਦਿੱਤਾ ਗਿਆ ਹੈ ਜਾਂ ਫਿਰ ਪਾਰਟੀ 'ਚ ਕੋਈ ਸਨਮਾਨ ਨਾ ਹੋਣ ਕਾਰਨ ਇਏ ਨੇਤਾ ਪਾਰਟੀ ਤੋਂ ਕਿਨਾਰਾ ਕਰ ਗਏ ਹਨ।

ਇਹਨਾਂ 'ਚ ਬਲਦੇਵ ਖਹਿਰਾ ਜੋ ਪਿਛਲੀ ਵਾਰ ਵਿਧਾਨ ਸਭਾ ਚੋਣਾਂ 'ਚ 42314 ਵੋਟਾਂ ਲੈ ਕੇ ਗਏ ਸਨ, ਪਾਰਟੀ ਦੀਆਂ ਨੀਤੀਆਂ ਤੋਂ ਤੰਗ ਆ ਕੇ ਅਕਾਲੀ ਦਲ 'ਚ ਚਲੇ ਗਏ, ਜਿਸ ਨਾਲ ਖਹਿਰਾ ਦੀ ਜਿੱਤ ਤੋਂ ਫਾਇਦਾ ਅਕਾਲੀ ਦਲ ਨੂੰ ਮਿਲਿਆ। ਫਗਵਾੜਾ ਤੋਂ 26,0000ਤੋਂ ਵੱਧ ਵੋਟਾਂ ਲੈਣ ਵਾਲੇ ਜਰਨੈਲ ਨੰਗਲ ਵੀ ਇਸੇ ਕਾਰਨ ਲੋਕ ਇਨਸਾਫ ਪਾਰਟੀ 'ਚ ਚਲੇ ਗਏ। ਜਰਨੈਲ ਨੰਗਲ ਦੇ ਜਾਣ ਨਾਲ ਪਾਰਟੀ ਦੇ ਵੋਟ ਬੈਂਕ 'ਤੇ ਇਸਦਾ ਅਸਰ ਪਿਆ। ਆਦਮਪੁਰ ਵਿਧਾਨ ਸਭਾ ਹਲਕੇ ਤੋਂ 2012 ਦੀਆਂ ਚੋਣਾਂ 'ਚ ਸੁਖਵਿੰਦਰ ਸਿੰਘ ਕੋਟਲੀ 25,369 ਵੋਟਾਂ ਲੈ ਗਏ ਸਨ। ਇਯ ਵਾਰ ਪਾਰਟੀ ਦੀ ਪ੍ਰਫਾਰਮੈਂਸ 'ਤੇ ਹੀ ਇਸ ਹਲਕੇ ਤੋਂ ਸਵਾਲ ਹੈ। ਇਸੇ ਤਰ੍ਹਾਂ ਸ਼ਾਮ ਚਰਾਸੀ ਤੋਂ ਸੁਮਿੱਤਰ ਸਿੰਘ ਸੀਕਰੀ, ਨਕੋਦਰ ਤੋਂ ਗੁਰਮੇਲ ਚੁੰਬਰ, ਨਵਾਂਸ਼ਹਿਰ ਤੋਂ ਨਛੱਤਰ ਪਾਲ ਆਦਿ ਦੇ ਇਲਾਕਾ ਹੋਰ ਕਈ ਪਾਰਟੀ ਨੇਤਾ ਹਨ, ਜਿਹਨਾਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ 18000 ਤੋਂ 25000 ਦਰਮਿਆਨ ਵੋਟਾਂ ਹਾਸਲ ਕੀਤੀਆਂ ਪਰ ਸਾਰੇ ਨੇਤਾਵਾਂ ਨੂੰ ਇਨ੍ਹਾਂ ਚੋਣਾਂ 'ਚ ਖੁੱਡੇ ਲਾਈਨ ਲਾ ਦਿੱਤਾ ਗਿਆ।

### ਖਾਤਾ ਖੋਲ੍ਹਣ 'ਤੇ ਹੀ ਮੰਥਨ ਨਹੀਂ

ਦਲਿਤ ਭਾਈਚਾਰੇ ਦੇ ਦੂਜੇ ਨੇਤਾਵਾਂ ਦਾ ਕਹਿਣਾ ਹੈ ਕਿ ਸਰਕਾਰ ਬਣਾਉਣ ਦੀਆਂ ਗੱਲਾਂ ਉਦੋਂ ਹੋਣੀਆਂ ਚਾਹੀਦੀਆਂ ਹਨ, ਜਦੋਂ ਹੇਠਲੇ ਪੱਧਰ 'ਤੇ ਪਾਰਟੀ 'ਚ ਕੋਈ ਪ੍ਰਾਪਤੀ ਹੋਵੇ।

ਨਾ ਬਸਪਾ ਦਾ ਕਾਰਪੋਰੇਸ਼ਨ 'ਚ ਕੋਈ ਮੈਂਬਰ ਹੈ ਅਤੇ ਨਾ ਹੀ ਕਮੇਟੀ 'ਚ ਤਾਂ ਸਰਕਾਰ ਬਣਾਉਣ ਦੀਆਂ ਗੱਲਾਂ ਕਰਨਾ ਦਲਿਤ ਸਮਾਜ ਨੂੰ ਗੁੰਮਰਾਹ ਕਰਨ ਵਰਗਾ ਹੈ। ਚੋਣਾਂ ਦੌਰਾਨ ਹਰ ਪਾਰਟੀ ਜਿੱਤ ਲਈ ਰਣਨੀਤੀ ਬਣਾਉਂਦੀ ਹੈ ਪਰ ਬਸਪਾ ਦਾ ਕੋਈ ਵੀ ਉਮੀਦਵਾਰ ਚੋਣਾਂ 'ਚ ਆਪਣਾ ਖਾਤਾ ਨਹੀਂ ਖੋਲ੍ਹ ਸਕਿਆ, ਸਰਕਾਰ ਬਣਾਉਣ ਦੀ ਗੱਲ ਤਾਂ ਬੇਮਾਇਨਾ ਹੈ।

### 1 ਲੱਖ ਯੋਧਿਆਂ ਦੀ ਭੂਮਿਕਾ ਤੇ ਸਵਾਲ

ਪਾਰਟੀ 'ਚ ਚੋਣਾਂ ਦੌਰਾਨ ਇਕ ਲੱਖ ਯੋਧੇ ਬਣਾਉਣ ਦੇ ਦਾਅਵੇ ਕੀਤੇ ਗਏ ਜੇਕਰ ਇਹੀ ਯੋਧੇ ਆਪਣੇ ਪਰਿਵਾਰ ਤੋਂ ਹੀ 5-5 ਵੋਟਾਂ ਪੁਆ ਦਿੰਦੇ ਤਾਂ ਪਾਰਟੀ ਦੇ ਵੋਟ 5 ਲੱਖ ਹੋ ਜਾਂਦੇ, ਇਸ ਤੋਂ ਇਹ ਲੱਗਦਾ ਹੈ ਕਿ ਪਾਰਟੀ ਦਾ ਵੋਟ ਬੈਂਕ ਕਇਮ ਹੈ ਪਰ ਅਜਿਹਾ ਹੋਇਆ ਹੀ ਨਹੀਂ, ਜਿਸ ਕਾਰਨ ਇਹ ਵੋਟ ਬੈਂਕ 1.5 ਫੀਸਦੀ ਰਹਿ ਗਿਆ ਹੈ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ।

### ਟਿਕਟਾਂ ਨੂੰ ਲੈ ਕੇ ਗੱਲ ਹੀ ਨਹੀਂ

ਬਸਪਾ ਨੇਤਾਵਾਂ ਦਾ ਦੋਸ਼ ਹੈ ਕਿ 2017 ਦੀਆਂ ਚੋਣਾਂ 'ਚ ਜੋ ਨੇਤਾ ਆਪਣੇ ਹਲਕਿਆਂ 'ਚ ਗਰਾਊਂਡ ਵਰਕ ਕਰਦੇ ਰਹੇ, ਉਹਨਾਂ ਨਾਲ ਚੋਣਾਂ ਦੌਰਾਨ ਟਿਕਟ ਨੂੰ ਲੈ ਕੇ ਚਰਚਾ ਵੀ ਨਹੀਂ ਕੀਤੀ ਗਈ। ਕਈ ਨਵੇਂ ਨੇਤਾਵਾਂ ਨੂੰ ਟਿਕਟ ਦੇ ਕੇ ਚੋਣਾਂ 'ਚ ਉਤਾਰਿਆ ਗਿਆ। ਜੋ ਨੇਤਾ ਪਹਿਲਾਂ 20-20 ਹਜ਼ਾਰ ਵੋਟਾਂ ਲੈ ਕੇ ਗਏ ਸਨ, ਉਨ੍ਹਾਂ ਨੂੰ ਪੁੱਛਿਆ ਤੱਕ ਨਹੀਂ ਗਿਆ ਜਿਸ ਕਾਰਨ ਪਾਰਟੀ ਦੇ ਵੋਟ ਬੈਂਕ ਦਾ ਗ੍ਰਾਫ ਡਿੱਗ ਕੇ ਹੇਠਾਂ ਜਾ ਡਿੱਗਿਆ ਤੇ ਇਸਦਾ ਫਾਇਦਾ ਦੂਜੀਆਂ ਪਾਰਟੀਆਂ ਨੂੰ ਮਿਲਿਆ ਹੈ।

### ਬਸਪਾ 'ਚੋਂ ਨਿਕਲ ਕੇ ਦੂਜੀਆਂ ਪਾਰਟੀਆਂ ਨੂੰ ਦਿੱਤੀ ਮਜ਼ਬੂਤੀ

2017 ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਵਾਲੇ ਨੇਤਾਵਾਂ 'ਚ 4 ਨੇਤਾ ਅਜਿਹੇ ਹਨ, ਜੋ ਬਸਪਾ 'ਚੋਂ ਨਿਕਲ ਕੇ ਦੂਜੀਆਂ ਪਾਰਟੀਆਂ 'ਚ ਗਏ ਤੇ ਚੋਣਾਂ ਜਿੱਤ ਕੇ ਦੂਜੀਆਂ ਪਾਰਟੀਆਂ ਨੂੰ ਮਜ਼ਬੂਤੀ ਦਿੱਤੀ। ਇਨ੍ਹਾਂ 'ਚ ਆਦਮਪੁਰ ਤੋਂ 2 ਵਾਰ ਵਿਧਾਇਕ ਬਣੇ ਪਵਨ ਕੁਮਾਰ ਟੀਨੂੰ ਬਸਪਾ 'ਚੋਂ ਗਏ ਹਨ। ਫਿਲੌਰ ਵਿਧਾਨ ਸਭਾ ਹਲਕੇ ਤੋਂ ਅਕਾਲੀ ਦਲ ਦੀ ਟਿਕਟ ਤੇ ਵਿਧਾਇਕ ਬਣੇ ਬਲਦੇਵ ਖਹਿਰਾ ਵੀ ਬਸਪਾ 'ਚ ਰਹੇ ਹਨ। ਬਲਦੇਵ ਖਹਿਰਾ ਕਦੇ ਅਵਤਾਰ ਸਿੰਘ ਕਰੀਮਪੁਰੀ ਦੇ ਬਹੁਤ ਨਜ਼ਦੀਕੀ ਰਹੇ ਹਨ ਜਾਂ ਇਹ ਕਹਿ ਸਕਦੇ ਹਾਂ ਕਿ ਖਹਿਰਾ ਨੂੰ ਬਸਪਾ 'ਚ ਉਚੇ ਕੱਦ ਦੇ ਨੇਤਾ ਬਣਾਉਣ ਵਾਲੇ ਵੀ ਕਰੀਮਪੁਰੀ ਹਨ।

ਬੰਗਾ ਹਲਕੇ ਤੋਂ ਅਕਾਲੀ ਦਲ ਦੀ ਟਿਕਟ ਤੇ ਜਿੱਤੇ ਸੁਖਵਿੰਦਰ ਸੁੱਖੀ ਵੀ ਬਸਪਾ 'ਚੋਂ ਨਿਕਲ ਕੇ ਗਏ ਹਨ। ਇਸੇ ਤਰ੍ਹਾਂ ਰਾਜਪੁਰਾ ਤੋਂ ਕਾਂਗਰਸ ਦੀ ਟਿਕਟ 'ਤੇ ਵਿਧਾਇਕ ਬਣੇ ਹਰਦਿਆਲ ਕੰਬੋਜ ਵੀ ਬਸਪਾ 'ਚੋਂ ਕਾਂਗਰਸ 'ਚ ਗਏ ਹਨ।

### ਇਨ੍ਹਾਂ ਸੀਟਾਂ 'ਤੇ ਵੋਟ ਬੈਂਕ ਦਾ ਵੱਡਾ ਨੁਕਸਾਨ

| ਸੀਟ | ਚੋਣ ਸਾਲ | ਵੋਟ ਮਹੱਤਵ | ਚੋਣ ਸਾਲ | ਵੋਟ ਮਹੱਤਵ |
|---|---|---|---|---|
| ਬੰਗਾ | 2012 | 21434 | 2017 | 11874 |
| ਨਵਾਂ ਸ਼ਹਿਰ | – | 29523 | – | 19578 |
| ਬਲਾਚੌਰ | – | 21911 | – | 12372 |
| ਸ਼ਾਮਚੁਰਾਸੀ | – | 22428 | – | 8009 |
| ਚੱਬੇਵਾਲ | – | 12632 | – | 5585 |
| ਜਲੰਧਰ ਕੈਂਟ | – | 14277 | – | 503 |
| ਆਦਮਪੁਰ | – | 25369 | – | 5405 |
| ਕਰਤਾਰਪੁਰ | – | 13879 | – | 5208 |
| ਫਗਵਾੜਾ | – | 26148 | – | 6160 |
| ਫਿਲੌਰ | – | 42314 | – | 28035 |
| ਨਕੋਦਰ | – | 18138 | – | 8284 |

## ਨਕੋਦਰ ਸਾਕੇ ਦੇ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ ਵਿਖੇ ਟਰਾਈਸਟੇਟ ਦੀ ਸਮੂਹ ਸੰਗਤ ਵੱਲੋਂ ਸ਼ਾਨ ਨਾਲ ਮਨਾਇਆ

**ਟਰਾਈ ਸਟੇਟ (ਹੁਸਨ ਲੜੋਆ ਬੰਗਾ)–** ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਨਿਊਯਾਰਕ ਦੇ ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ ਵਿਖੇ ਸਮਾਗਮਾਂ ਦੌਰਾਨ ਮਨਾਈ ਗਈ, ਜਿੱਥੇ ਵੱਡੀ ਗਿਣਤੀ 'ਚ ਸੰਗਤ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ਼ਹੀਦ ਪਰਿਵਾਰਾਂ ਦਾ ਸਨਮਾਨ ਕੀਤਾ। ਗੁਰਦੁਆਰਾ ਪਰਬੰਧਕ ਕਮੇਟੀ, ਦੁਆਬਾ ਸਿੱਖ ਐਸੋਸੀਏਸ਼ਨ, ਸਿੱਖ ਫਾਰ ਜਸਟਿਸ, ਪੰਥਕ ਸਿੱਖ ਸੁਸਾਇਟੀ, ਸਿੱਖ ਯੂਥ ਆਫ ਅਮਰੀਕਾ, ਸ਼ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਤੇ ਸੰਤ ਪਰੇਮ ਸਿੰਘ ਕਲਚਰਲ ਸੁਸਾਇਟੀ ਵੱਲੋਂ ਸਾਂਝੇ ਤੌਰ ਤੇ ਸਾਕਾ ਨਕੋਦਰ ਦੇ ਸ਼ਹੀਦਾਂ ਦੀ 31ਵੀਂ ਬਰਸੀ ਮੌਕੇ ਸਰੀ ਗੁਰੂ ਗਰੰਥ ਸਾਹਿਬ ਦੀ ਲਗਾਤਾਰ ਹੋ ਰਹੀ ਬੇਅਦਬੀ ਵਿਸ਼ੇ 'ਤੇ ਸੈਮੀਨਾਰ 18 ਮਾਰਚ 2017 ਦਿਨ ਸ਼ਨੀਵਾਰ ਨੂੰ ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਖੇ ਕਰਾਇਆ ਗਿਆ।



## ਫਿਰੋਜ਼ਪੁਰ ਸ਼ਹੀਦਾਂ ਦੀ ਯਾਦਗਾਰ ਬਣੇ: ਦੇਸ਼ ਭਗਤਾਂ ਦੀ ਮੰਗ

## ਵਿਸ਼ਵ ਰੰਗ ਮੰਚ ਦਿਹਾੜਾ 27 ਨੂੰ



**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਜ਼ੋਰਦਾਰ ਮੰਗ ਕੀਤੀ ਹੈ ਕਿ ਫਿਰੋਜ਼ਪੁਰ ਸ਼ਹਿਰ ਵਿਖੇ ਸ਼ਹੀਦ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਅਤੇ ਉਹਨਾਂ ਦੇ ਸਾਥੀਆਂ ਦੀਆਂ ਆਜ਼ਾਦੀ ਸੰਗਰਾਮ ਨਾਲ ਜੁੜੀਆਂ ਸਰਗਰਮੀਆਂ ਦੇ ਕੇਂਦਰ ਨੂੰ ਵਿਰਾਸਤੀ ਮਿਊਜ਼ੀਅਮ ਅਤੇ ਲਾਇਬਰੇਰੀ ਦਾ ਦਰਜ਼ਾ ਦਿੱਤਾ ਜਾਏ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਜਦੋਂ ਇਤਿਹਾਸ ਮੂੰਹੋਂ ਬੋਲਦਾ ਹੈ, ਜਦੋਂ ਪੁਰਾਤਤਵ ਵਿਭਾਗ, ਸ਼ਹੀਦਾਂ ਦੀ ਯਾਦਗਾਰ ਦੀ ਜਗ੍ਹਾ ਦੀ ਸ਼ਨਾਖ਼ਤ ਕਰਕੇ ਇਸਨੂੰ ਇਤਿਹਾਸਕ ਵਿਰਾਸਤ ਦਾ ਰੁਤਬਾ ਦੇ ਚੁੱਕਾ ਹੈ ਫੇਰ ਵੀ ਇਸ ਇਮਾਰਤ ਨੂੰ ਮਿਊਜ਼ੀਅਮ ਅਤੇ ਲਾਇਬਰੇਰੀ ਦਾ ਰੂਪ ਦੇਣ ਦੇ ਮੁੱਦੇ ਨੂੰ ਸਰਕਾਰ ਵੱਲੋਂ ਲਟਕਾਉਣ ਖਿਲਾਫ਼ ਦੇਸ਼ ਭਗਤ, ਜਮਹੂਰੀ, ਇਨਕਲਾਬੀ ਹਲਕਿਆਂ ਵਿੱਚ ਤਿੱਖਾ ਪ੍ਰਤੀਰੋਧ ਪਾਇਆ ਜਾ ਰਿਹਾ ਹੈ। ਦੇਸ਼ ਭਗਤ ਕਮੇਟੀ ਨੇ ਮੰਗ ਕੀਤੀ ਹੈ ਕਿ 23 ਮਾਰਚ ਦੇ ਇਤਿਹਾਸਕ ਸ਼ਹੀਦੀ ਦਿਹਾੜੇ ਮੌਕੇ ਇਸ ਸਥਾਨ ਨੂੰ ਵਿਰਾਸਤੀ ਰੁਤਬਾ ਦਿੱਤਾ ਜਾਵੇ।

ਇੱਕ ਹੋਰ ਮਤੇ ਰਾਹੀਂ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ 27 ਮਾਰਚ ਵਿਸ਼ਵ ਰੰਗ ਮੰਚ ਦਿਹਾੜੇ ਮੌਕੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸ਼ਾਮ 6 ਵਜੇ ਨਾਟਕ ਸਮਾਗਮ ਕੀਤਾ ਜਾਏਗਾ।

ਇਸ ਮੌਕੇ ਸਟਾਈਲ ਆਰਟਸ ਐਸੋਸੀਏਸ਼ਨ (ਨੀਰਜ ਕੌਸ਼ਿਕ), ਫਰੈਡਜ਼ ਥੀਏਟਰ ਜਲੰਧਰ (ਅਸ਼ੋਕ ਕਲਿਆਣ), ਅਨਾਨਾਮਸ ਥੀਏਟਰ (ਅਮਿਤ ਜਿੰਦਲ) ਅਤੇ ਫੁਲਵਿੰਦਰ ਸਿੰਘ ਨਿਰਦੇਸ਼ਕ ਦੀਆਂ ਰੰਗ ਟੋਲੀਆਂ ਵੱਲੋਂ 'ਚੰਦਨ ਦੇ ਓਹਲੇ' ਸਮੇਤ ਵੰਨ-ਸੁਵੰਨੇ ਵਿਸ਼ਿਆਂ 'ਤੇ ਨਾਟਕ ਖੇਡੇ ਜਾਣਗੇ। ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਅਤੇ ਖਜ਼ਾਨਚੀ ਡਾ. ਰਘਬੀਰ ਕੌਰ ਵਿਸ਼ਵ ਰੰਗਮੰਚ ਦਿਹਾੜੇ ਅਤੇ ਅਜੋਕੇ ਹਾਲਾਤ ਬਾਰੇ ਚਾਨਣਾ ਪਾਉਣਗੇ।

## ਅਣਪਛਾਤਿਆਂ ਵਲੋਂ ਪ੍ਰਵਾਸੀ ਭਾਰਤੀ ਔਰਤ ਦਾ ਕਤਲ

**ਸ਼ਾਮਚੁਰਾਸੀ (ਚੁੰਬਰ) –** ਸ਼ਾਮ-ਚੁਰਾਸੀ ਨੇੜੇ ਪੈਂਦੇ ਪਿੰਡ ਕੌਹਜਾ ਵਿਖੇ ਘਰ ਵਿਚ ਦਾਖਲ ਹੋ ਕੇ ਅਣਪਛਾਤਿਆਂ ਵਲੋਂ ਘਰ ਦੀ ਮਾਲਕਨ ਪ੍ਰਵਾਸੀ ਪੰਜਾਬੀ ਭਾਰਤੀ ਔਰਤ ਨੂੰ ਦਿਨ ਦਿਹਾੜੇ ਬੇਰਹਿਮੀ ਨਾਲ ਕਤਲ ਕਰ ਦੇਣ ਦਾ ਸਮਾਚਾਰ ਹੈ। ਇਸ ਸਬੰਧੀ ਪ੍ਰਾਪਤ ਜਾਣਕਾਰੀ ਮੁਤਾਬਿਕ ਥਾਣਾ ਭੋਗਪੁਰ ਦੇ ਇੰਚਾਰਜ ਐਸ ਐਚ ਓ ਇੰਸਪੈਕਟਰ ਬਿਕਰਮਜੀਤ ਸਿੰਘ ਨੇ ਦੱਸਿਆ ਪਿੰਡ ਕੌਹਜਾ ਦੀ ਇਕ



ਪ੍ਰਵਾਸੀ ਪੰਜਾਬੀ ਔਰਤ ਜਿਸ ਦੀ ਪਹਿਚਾਣ ਸੁਰਿੰਦਰ ਕੌਰ (60) ਪਤਨੀ ਕਿਰਪਾਲ ਸਿੰਘ ਜੋ ਕਿ ਥੋੜਾ ਸਮਾਂ ਪਹਿਲਾਂ ਕਨੇਡਾ ਤੋਂ ਪਿੰਡ ਆਏ ਸੀ ਦਾ ਅਣਪਛਾਤਿਆਂ ਵਲੋਂ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ। ਉਕਤ ਔਰਤ ਦੇ ਸਿਰ ਅਤੇ ਗਰਦਨ ਉਤੇ ਤੇਜ਼ਧਾਰ ਹਥਿਆਰ ਨਾਲ ਵਾਰ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਸ ਬੇਰਹਿਮੀ ਨਾਲ ਹੋਏ ਕਤਲ ਦੀ ਖ਼ਬਰ ਸੁਣਦਿਆਂ ਹੀ ਸਮੁੱਚੇ ਪਿੰਡ ਅਤੇ ਇਲਾਕੇ ਵਿਚ ਸਹਿਮ ਦਾ ਮਾਹੌਲ ਪੈਦਾ ਹੋ ਗਿਆ। ਪੁਲਿਸ ਨੇ ਮੌਕਾ ਏ ਵਾਰਦਾਤ ਤੇ ਲੋੜੀਂਦੀ ਕਾਰਵਾਈ ਕਰਕੇ ਇਸ ਕਤਲ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਐਸ ਪੀ ਡੀ, ਡੀ ਐਸ ਪੀ ਡੀ , ਡੀ ਐਸ ਪੀ ਕਰਤਾਰਪੁਰ ਇੰਸ. ਸੀ ਆਈ ਏ ਤੋਂ ਇਲਾਵਾ ਥਾਣਾ ਮੁਖੀ ਭੋਗਪੁਰ ਪੂਰੀ ਪੁਲਿਸ ਪਾਰਟੀ ਨਾਲ ਹਾਜ਼ਰ ਹੋਏ। ਜ਼ਿਕਰਯੋਗ ਹੈ ਕਿ ਉਕਤ ਔਰਤ ਦੇ ਪਾਏ ਹੋਏ ਗਹਿਣੇ ਵੀ ਗਾਇਬ ਸਨ।

## ਮੰਡੀ ਛਿੰਝ ਮੇਲੇ 'ਚ ਧੁਲੇਤਾ ਅਖਾੜਾ ਦੀ ਰਹੀ ਝੰਡੀ

**ਗੁਰਾਇਆ (ਨਿਰਮਲ ਗੁੜਾ)–** ਨੇੜੇ ਦੇ ਪਿੰਡ ਮੰਡੀ ਵਿਖੇ ਛਿੰਝ ਕਮੇਟੀ ਵਲੋਂ ਐਨ ਆਰ ਆਈ, ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ਼ ਛਿੰਝ ਮੇਲੇ ਦਾ ਆਯੋਜਨ ਕੀਤਾ ਗਿਆ, ਜਿਥੇ ਪ੍ਰਸਿੱਧ ਨਾਮੀ ਪਹਿਲਵਾਨਾਂ ਨੇ ਜੋਰ ਅਜਮਾਈ ਕਰਕੇ ਆਪਣੀ ਤਾਕਤ ਦਾ ਪ੍ਰਦਰਸ਼ਨ ਕੀਤਾ ਅਤੇ ਇਲਾਕੇ ਭਰ ਤੋਂ ਖੇਡ ਪ੍ਰੇਮੀਆਂ ਨੇ ਛਿੰਝ ਮੇਲੇ ਦਾ ਖੂੱਬ ਲੁੱਤਫ ਲਿਆ। ਦਰਬਾਰ ਬਾਬਾ ਲੱਖ ਦਾਤਾ ਪੀਰ ਜੀ ਦੇ ਧਾਰਮਿਕ ਸਥਾਨ ਤੇ ਮੱਥਾ ਟੇਕਣ ਉਪਰੰਤ ਛਿੰਝ ਮੇਲੇ ਦਾ ਆਗਾਜ਼ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ਼ ਕੀਤਾ ਗਿਆ। ਹੋਰ ਪਹਿਲਵਾਨਾਂ ਤੋਂ ਇਲਾਵਾ ਪਟਕੇ ਦੀ ਕੁਸ਼ਤੀ ਪ੍ਰਵੇਸ਼ ਧੁਲੇਤਾ ਜੇਤੂ ਅਤੇ ਰੂਬਲ ਖੰਨਾ ਉੱਪ ਜੇਤੂ ਰਿਹਾ, ਦੂਜੇ ਨੰਬਰ ਦੀ ਕੁਸ਼ਤੀ ਭੋਲਾ ਧੁਲੇਤਾ ਜੇਤੂ ਸੁੱਖਾ ਬੱਬੇਆਲ਼ੀ ਉੱਪ ਜੇਤੂ ਰਿਹਾ, ਜਦਕਿ ਤਿਨ ਨੰਬਰ ਦੀ ਕੁਸ਼ਤੀ 'ਚ ਸ਼ਰੀਫ ਧੁਲੇਤਾ ਜੇਤੂ ਅਤੇ ਸੁਖਚੇਨ ਖੰਨਾ ਉਪ ਜੇਤੂ ਰਿਹਾ। ਪ੍ਰਬੰਧਕਾਂ ਵਲੋਂ ਜੇਤੂ ਪਹਿਲਵਾਨਾਂ ਨੂੰ ਨਗਦ ਇਨਾਮ ਅਤੇ ਸਨਮਾਨ ਚਿਨ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕਾਂ ਨੇ ਆਏ ਮਹਿਮਾਨਾਂ, ਸਹਿਯੋਗੀਆਂ ਅਤੇ ਖੇਡ ਪ੍ਰੇਮੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# Buying or Selling Gas Stations and Hotels
*All over in California*

*Do you want to Buy/Sell your Gas Station and Hotel business property? Call us for a free consultation.*

Call us for a Free Consultation about Selling your Gas Station or Hotel and we can also Give you our Expert Opinion of the Value of Your Gas Station or Hotel.






JOHN SINGH BANGA 916.271.5404 Lic # 01397975

DALVIR 'DIL' NIJJAR 916.628.2210 Lic # 01418648

*Commercial Real estate and investment adviser*

Shell Mobil EXXON TEXACO Chevron VALERO Holiday Inn Express Hampton Inn COURTYARD

7412 Elsie Avenue, Sacramento CA 95828

*"Honesty and Experience make the Difference"*

*www. buyorsellgasstationsandhotels. com*



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hay-ward, CA 94544



Prop: Jasbir Singh Takhar 510-755-2132

Harmandeep Singh



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ — ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ — ਹਰ ਮੌਸਮ 'ਚ

# ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜ਼ਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

**ਸਪੈਸ਼ਲ ਅਮਰ ਤਿੱਲਾ** ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

**ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ**

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ

ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

# ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।

ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ

website : www.amardawakhana.com email : amardawakhana@rediffmail.com



# A & S
## Auto Repair & Services

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ, ਸੈਕਰਾਮੈਂਟੋ (ਕੈਲੇਫੋਰਨੀਆ) ਦੇ ਸਹਿਯੋਗ ਨਾਲ ਡਾ. ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫੇਅਰ ਸੁਸਾਇਟੀ ਵੱਲੋਂ ਹੁਸ਼ਿਆਰਪੁਰ ਵਿਖੇ ਦੂਜਾ ਸਰਟੀਫਿਕੇਟ ਵੰਡ ਸਮਾਗਮ ਦੀ ਇਕ ਰਿਪੋਰਟ

ਹੁਸ਼ਿਆਰਪੁਰ- ਸਮਾਜ ਦੇ ਆਰਥਿਕ ਤੌਰ ’ਤੇ ਕਮਜ਼ੋਰ ਵਰਗ ਦੀਆਂ ਲੜਕੀਆਂ ਨੂੰ ਸਵੈ ਰੁਜ਼ਗਾਰ ਕਰਨ ਦੇ ਮਨੋਰਥ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮਲਮਜਾਰਾ ਵਿਖੇ ਖੋਲ੍ਹੇ ਸਿਲਾਈ, ਕਢਾਈ ਅਤੇ ਫੈਸ਼ਨ ਡਿਜਾਇਨਿੰਗ ਸਕੂਲ ਦੀਆਂ ਟ੍ਰੇਨਿੰਗ ਪ੍ਰਾਪਤ 20 ਲੜਕੀਆਂ ਨੂੰ 6 ਮਹੀਨੇ ਦੇ ਕੋਰਸ ਦੇ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਵੰਡਣ ਵਾਸਤੇ ਡਾ. ਬੀ. ਆਰ. ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫੇਅਰ ਸੁਸਾਇਟੀ (ਰਜਿ:) ਪੰਜਾਬ ਵੱਲੋਂ ਡਾ. ਬੀ. ਆਰ. ਅੰਬੇਡਕਰ ਭਵਨ, ਭਲਾਈ ਵਿਭਾਗ, ਹੁਸ਼ਿਆਰਪੁਰ ਵਿਖੇ ਦੂਜਾ ਸਰਟੀਫਿਕੇਟ ਵੰਡ ਸਮਾਗਮ ਅਤੇ ਡਾ. ਬੀ. ਆਰ. ਅੰਬੇਡਕਰ ਦੀ ਵਿਚਾਰਧਾਰਾ ਬਾਰੇ ਸੈਮੀਨਾਰ ਕਰਾਇਆ ਗਿਆ। ਸੰਤ ਸਰਵਣ ਦਾਸ ਬੋਹਣ ਵਾਲੇ ਵਿਸ਼ੇਸ਼ ਤੌਰ ’ਤੇ ਇਸ ਮੌਕੇ ਹਾਜ਼ਰ ਸਨ, ਜਿਹਨਾਂ ਸਿੱਖਿਆਰਥੀਆਂ ਅਤੇ ਸਮਾਗਮ-ਕਮ-ਸੈਮੀਨਾਰ ਵਿਚ ਹਾਜ਼ਰ ਵਿਅਕਤੀਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਦੀ ਵੰਡ ਕੀਤੀ। ਸੁਸਾਇਟੀ ਦੇ ਕਨਵੀਨਰ ਐਮ. ਐਸ. ਧਾਮੀ, ਐਨ. ਆਰ. ਆਈ ਲਸ਼ਕਰ ਸਿੰਘ ਟਰੱਸਟੀ, ਪ੍ਰੋ. ਬੀ. ਐਸ. ਬੱਲੀ ਮੁੱਖ ਸਲਾਹਕਾਰ, ਸਰਪੰਚ ਮਲਮਜਾਰਾ ਵਰਿੰਦਰ ਕੁਮਾਰ ਪਠਾਣੀਆ, ਡਾ. ਬਹਾਦਰ ਸਿੰਘ ਅਤੇ ਸੁਸਾਇਟੀ ਦੇ ਅਹੁਦੇਦਾਰ ਅਤੇ ਮੈਂਬਰ ਇਸ ਮੌਕੇ ਉਨ੍ਹਾਂ ਨਾਲ ਸਨ। ਇਸ ਮੌਕੇ ਤੇ ਸੈਮੀਨਾਰ ਦੌਰਾਨ ਡਾ. ਅੰਬੇਡਕਰ ਦੀ ਵਿਚਾਰਧਾਰਾ ਬਾਰੇ ਵਿਚਾਰ ਪੇਸ਼ ਕਰਨ ਵਾਲੀਆਂ ਲੜਕੀਆਂ ਪੂਨਮ, ਮਨੀਸ਼ਾ, ਰਬੀਨਾ, ਸ਼੍ਰੀਮਤੀ ਮੀਨਾ ਕੁਮਾਰੀ, ਹਰਪ੍ਰੀਤ ਕੌਰ, ਰਾਜਵਿੰਦਰ ਕੌਰ ਅਤੇ ਸ਼੍ਰੀਮਤੀ ਬਲਜਿੰਦਰ ਕੌਰ ਅਤੇ ਲੜਕੀਆਂ ਨੂੰ ਚੰਗੀ ਟ੍ਰੇਨਿੰਗ ਦੇਣ ਵਾਸਤੇ ਟੀਚਰ ਨਿਰਮਲ ਕੌਰ ਅਤੇ ਟੀਚਰ ਇੰਦਰਜੀਤ ਕੌਰ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ। ਸਕੂਲ ਵਿਚ ਤਿਆਰ ਪੁਸ਼ਾਕਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ, ਜਿਸਨੂੰ ਸਰਾਹਿਆ ਗਿਆ।



**ਜਸਵੰਤ ਸ਼ੀਮਾਰ**
ਜਨਰਲ ਸਕੱਤਰ
ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ, ਸੈਕਰਾਮੈਂਟੋ (ਕੈਲੇਫੋਰਨੀਆ)

ਭਲਾਈ ਵਿਭਾਗ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਸਮਾਜਿਕ-ਕਮ-ਸੈਮੀਨਾਰ ਨੂੰ ਸੰਬੋਧਨ ਕਰਦਿਆਂ ਡਾ. ਬੀ. ਆਰ. ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫੇਅਰ ਸੁਸਾਇਟੀ (ਰਜਿ:) ਪੰਜਾਬ ਦੇ ਕਨਵੀਨਰ ਐਨ. ਆਰ. ਆਈ. ਐਮ. ਐਸ. ਧਾਮੀ ਨੇ ਸੁਸਾਇਟੀ ਦੇ ਉਦੇਸ਼ਾਂ ਅਤੇ ਚਲਾਏ ਜਾ ਰਹੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਲੜਕੇ ਅਤੇ ਲੜਕੀਆਂ ਨੂੰ ਸਵੈ ਰੁਜ਼ਗਾਰ ਕਰਨ ਵਾਸਤੇ ਬੇਗਮਪੁਰਾ ਐਜੂਕੇਸ਼ਨ ਐਂਡ ਕਲਚਰਲ ਸੁਸਾਇਟੀ ਯੂ. ਐਸ. ਏ. ਦੇ ਸਹਿਯੋਗ ਨਾਲ ਪਹਿਲੀ ਮਾਰਚ ਤੋਂ ਲੜਕੀਆਂ ਲਈ ਛੇ ਮਹੀਨੇ ਦਾ ਬਿਊਟੀਫਿਕੇਸ਼ਨ ਦਾ ਮੁਫਤ ਟ੍ਰੇਨਿੰਗ ਕੋਰਸ ਵੀ ਸ਼ੁਰੂ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਹੋਰ ਸਬਡਵੀਜ਼ਨਾਂ ਵਿਚ ਵੀ ਲੜਕੀਆਂ ਲਈ ਅਜਿਹੇ ਕੋਰਸ ਅਤੇ ਲੜਕਿਆਂ ਲਈ ਇਲੈਕਟ੍ਰੀਸ਼ੀਅਨ, ਰੈਫਰੀਜ਼ਰੇਸ਼ਨ ਵਰਗੇ ਮੁਫਤ ਕੋਰਸ ਸ਼ੁਰੂ ਕੀਤੇ ਜਾਣਗੇ।

ਇਸ ਵਿਚ ਸਰਕਾਰੀ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਦਾ ਸਹਿਯੋਗ ਲਿਆ ਜਾਵੇਗਾ। ਸ. ਧਾਮੀ ਨੇ ਕਿਹਾ ਕਿ ਸੁਸਾਇਟੀ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਕੰਮ ਕਰ ਰਹੀ ਹੈ।

ਸੈਮੀਨਾਰ ਦੌਰਾਨ ਮੁੱਖ ਬੁਲਾਰੇ ਸ੍ਰੀ ਸੁਭਾਸ਼ ਚੰਦਰ ਮੁਸਾਫਿਰ ਨੇ ਡਾ. ਅੰਬੇਡਕਰ ਦੀ ਮਹਾਨ ਵਿਚਾਰਧਾਰਾ ਬਾਰੇ ਵਿਚਾਰ ਪੇਸ਼ ਕੀਤੇ ਅਤੇ ਸਮਾਜ ਨੂੰ ਅੰਧ ਵਿਸ਼ਵਾਸ ਵਿਚੋਂ ਕੱਢਣ ਅਤੇ ਚੰਗੀ ਸਿੱਖਿਆ ਦੇਣ ਦੀ ਪ੍ਰੇਰਨਾ ਕੀਤੀ।

ਸੁਸਾਇਟੀ ਦੇ ਮੁੱਖ ਸਲਾਹਕਾਰ ਪ੍ਰੋ. ਬੀ. ਐਸ. ਬੱਲੀ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫਸਰ ਨੇ ਡਾ. ਬੀ. ਆਰ. ਅੰਬੇਡਕਰ ਦੇ ਆਰਥਿਕ ਅਤੇ ਸਮਾਜਿਕ ਲੋਕਤੰਤਰ ਬਾਰੇ ਵਿਚਾਰਾਂ ਦੀ ਰੌਸ਼ਨੀ ਵਿਚ ਬਰਾਬਰਤਾ ਦਾ ਸਮਾਜ ਸਿਰਜਣ ਦੀ ਲੋੜ ਬਾਰੇ ਬੱਚਿਆਂ ਵਿਚ ਵਿਗਿਆਨਕ ਸੋਚ ਪੈਦਾ ਕਰਨ ਅਤੇ ਔਰਤਾਂ ਨੂੰ ਜੀਵਨ ਵਿਚ ਵਿਕਾਸ ਕਰਨ ਦੇ ਪੂਰੇ ਮੌਕੇ ਪ੍ਰਦਾਨ ਕਰਨ ਵਾਲੀ ਸਿੱਖਿਆ ਦੇਣ ਦੀ ਲੋੜ ’ਤੇ ਜ਼ੋਰ ਦਿੱਤਾ।

ਸ. ਦਿਲਬਾਗ ਸਿੰਘ ਸਾਬਕਾ ਜ਼ਿਲ੍ਹਾ ਸਿੱਖਿਆ ਅਧਿਕਾਰੀ, ਡਾ. ਬਹਾਦਰ ਸਿੰਘ ਸੁਨੈਤ ਜਨਰਲ ਸਕੱਤਰ ਵਰਿੰਦਰ ਕੁਮਾਰ, ਸਰਪੰਚ ਵਰਿੰਦਰ ਪਠਾਣੀਆਂ, ਸੁਸਾਇਟੀ ਦੇ ਖਜਾਨਚੀ ਸ. ਸੁੱਚਾ ਸਿੰਘ ਮੈਂਬਰ ਸ੍ਰੀ ਜੈ ਰਾਮ, ਸਰਪੰਚ ਸੰਤੋਖ ਸਿੰਘ, ਡਾ. ਹਿਤੇਸ਼ ਗੰਗੜ, ਮੈਂਬਰ ਰਾਜ ਕੁਮਾਰ, ਸ. ਪ੍ਰਸ਼ੋਤਮ ਸਿੰਘ, ਸ. ਭੁਪਿੰਦਰ ਸਿੰਘ, ਸ੍ਰੀ ਭਾਰਦਵਾਜ ਮੈਂਬਰ, ਸ੍ਰੀ ਅਵਤਾਰ ਚੰਦ ਅਤੇ ਸੁਸਾਇਟੀ ਦੇ ਹੋਰ ਮੈਂਬਰ, ਟਰੱਸਟੀ ਅਤੇ ਹੋਰ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

ਡਾ. ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫੇਅਰ ਸੁਸਾਇਟੀ (ਰਜਿ.) ਪੰਜਾਬ ਵੱਲੋਂ ਡਾ. ਬੀ. ਆਰ. ਅੰਬੇਡਕਰ ਭਵਨ, ਭਲਾਈ ਵਿਭਾਗ ਹੁਸ਼ਿਆਰਪੁਰ ਵਿਖੇ ਆਯੋਜਿਤ ਕੀਤੇ ਗਏ ਸਰਟੀਫਿਕੇਟ ਵੰਡ ਸਮਾਗਮ-ਕਮ-ਸੈਮੀਨਰ ਦੌਰਾਨ ਸੰਤ ਸਰਵਣ ਦਾਸ ਬੋਹਣ ਵਾਲੇ ਲੜਕੀਆਂ ਨੂੰ ਸਿਲਾਈ, ਕਢਾਈ ਅਤੇ ਫੈਸ਼ਨ ਡਿਜਾਇਨਿੰਗ ਕੋਰਸ ਦੇ ਸਰਟੀਫਿਕੇਟ ਅਤੇ ਸਿਲਾਈ ਮਸ਼ੀਨਾਂ ਵੰਡੀਆਂ। ਕਨਵੀਨਰ ਐਮ. ਐਸ. ਧਾਮੀ, ਐਨ. ਆਰ. ਆਈ. ਲਸ਼ਕਰ ਸਿੰਘ ਟਰੱਸਟੀ, ਮੁੱਖ ਸਲਾਹਾਕਾਰ ਪ੍ਰੋ. ਬੀ. ਐਸ. ਬੱਲੀ ਅਤੇ ਸੁਸਾਇਟੀ ਦੇ ਹੋਰ ਮੈਂਬਰ ਵੀ ਨਾਲ ਸਨ।

ਡਾ. ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫੇਅਰ ਸੁਸਾਇਟੀ ਦੇ ਸਮਾਰੋਹ ਦੌਰਾਨ ਮਲਮਜਾਰਾ ਸਕੂਲ ਵਿਖੇ ਸਿਲਾਈ, ਕਢਾਈ ਅਤੇ ਫੈਸ਼ਨ ਡਿਜਾਇਨਿੰਗ ਕੋਰਸ ਵਿਚ ਟਰੇਨਿੰਗ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਪ੍ਰਾਪਤ ਕਰਨ ਉਪਰੰਤ ਸੁਸਾਇਟੀ ਦੇ ਕਨਵੀਨਰ ਐਮ. ਐਸ. ਧਾਮੀ, ਟਰੱਸਟੀ ਲਸ਼ਕਰ ਸਿੰਘ, ਮੁੱਖ ਸਲਾਹਕਾਰ ਪ੍ਰੋ. ਬੀ. ਐਸ. ਬੱਲੀ ਅਤੇ ਹੋਰ ਟਰੱਸਟੀ ਮੈਂਬਰਾਂ ਨਾਲ ਵੀ ਸਨ।

ਸਮਾਰੋਹ ਦੌਰਾਨ ਸੁਸਾਇਟੀ ਦੇ ਕਨਵੀਨਰ ਐਮ. ਐਸ. ਧਾਮੀ, ਮੁੱਖ ਸਲਾਹਕਾਰ ਪ੍ਰੋ. ਬੀ. ਐਸ. ਬੱਲੀ ਅਤੇ ਹੋਰ ਮੈਂਬਰ ਡਾ. ਅੰਬੇਡਕਰ ਦੇ ਬੁੱਤ ਦੇ ਫੁੱਲ ਮਾਲਾ ਭੇਂਟ ਕੀਤੀਆਂ।

********




ਤਸਵੀਰ
ਪ੍ਰੇਮ ਕੁਮਾਰ ਚੁੰਬਰ (ਦੇਸ ਦੁਆਬਾ)

ਸ. ਮਹਿੰਦਰ ਸਿੰਘ ਧਾਮੀ ਅਤੇ ਸ. ਲਸ਼ਕਰ ਸਿੰਘ ਬੱਧਣ ਪਿਛਲੇ ਦਿਨੀਂ ਪੰਜਾਬ ਜਾ ਕੇ ਬੇਗਮਪੁਰਾ ਕਲਚਰਲ ਅਤੇ ਐਜੂਕੇਸ਼ਨਲ ਏਡ ਸੁਸਾਇਟੀ, ਸੈਕਰਾਮੈਂਟੋ ਵੱਲੋਂ ਸੁਸਾਇਟੀ ਦੇ ਮਿਸ਼ਨ ਨੂੰ ਅੱਗੇ ਵਧਾਉਂਦਿਆਂ ਸਮਾਜ ਸੇਵਾ ਕਰਨ ਤੋਂ ਬਾਅਦ ਵਾਪਸ ਆਏ। ਅਮਰੀਕਾ ਪਹੁੰਚ ਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸ਼ੁਕਰਾਨਾ ਕਰਨ ਤੋਂ ਬਾਅਦ ਕਮੇਟੀ ਦੇ ਮੈਂਬਰ ਅਤੇ ਹੋਰਨਾਂ ਦੇ ਨਾਲ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੀਂ ਵਰ੍ਹੇਗੰਢ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ












**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੀਂ ਵਰ੍ਹੇਗੰਢ ਬੀਤੀ 17, 18 ਅਤੇ 19 ਮਾਰਚ ਦਿਨ ਸ਼ੁੱਕਰਵਾਰ, ਸਨਿਚਰਵਾਰ ਅਤੇ ਐਤਵਾਰ ਨੂੰ ਬੜੀ ਧੂੰਮਧਾਮ ਨਾਲ ਮਨਾਈ ਗਈ, ਜਿਸ ਵਿਚ ਮਿਤੀ 17 ਮਾਰਚ ਨੂੰ 5 ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 19 ਮਾਰਚ ਦਿਨ ਐਤਵਾਰ ਨੂੰ ਪਾਏ ਗਏ। ਇਹਨਾਂ ਪਾਠਾਂ ਦੀ ਸੇਵਾ ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ ਗੁਰੂ ਘਰ), ਬੀਬੀ ਪਾਲੋ ਰੱਤੂ ਪਰਿਵਾਰ ਵੱਲੋਂ

ਸ੍ਰੀ ਪਰਸ਼ੋਤਮ ਸੂਦ (ਵਾਈਸ ਚੇਅਰਮੈਨ ਗੁਰੂ ਘਰ), ਬੀਬੀ ਸ਼ਿਸ਼ਾ ਸੂਦ ਪਰਿਵਾਰ ਵੱਲੋਂ

ਸ੍ਰੀ ਵਿਜੇ ਸਰੋਆ, ਬਿੱਟੂ ਸਰੋਆ ਅਤੇ ਸ੍ਰੀ ਰਾਜੇਸ਼ ਲਾਲੀ ਸਮੂਹ ਪਰਿਵਾਰ ਵੱਲੋਂ

ਮਹਾਨ ਹਸਤੀ ਰਾਮ ਮੂਰਤੀ ਸਰੋਆ, ਬੀਬੀ ਸਤਿਆ ਦੇਵੀ ਸਰੋਆ ਪਰਿਵਾਰ ਵੱਲੋਂ

ਸ੍ਰੀ ਰਾਮ ਪ੍ਰਕਾਸ਼ ਰਾਜੂ, ਬੀਬੀ ਪਰਮਜੀਤ ਕੌਰ ਰਾਜੂ ਪਰਿਵਾਰ ਵੱਲੋਂ ਕੀਤੀ ਗਈ।

ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਜਥਾ, ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਪ੍ਰਬੰਧਕ ਕਮੇਟੀ ਵੱਲੋਂ ਸਾਰੇ ਗੁਰਮੁਖ ਪਰਿਵਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਕਮੇਟੀ ਵੱਲੋਂ ਸ੍ਰੀ ਰਾਮ ਮੂਰਤੀ ਸਰੋਆ, ਬੀਬੀ ਸਤਿਆ ਦੇਵੀ ਸਰੋਆ, ਫਰੀਮਾਂਟ, ਸ੍ਰੀ ਰਾਮ ਪ੍ਰਕਾਸ਼ ਰਾਜੂ ਪਿਟਸਬਰਗ, ਸ੍ਰੀ ਹਰਦੇਵ ਸਿੰਘ ਬੀਸਲਾ (ਐਲ. ਏ. ਮਰਚੈਂਡਾਈਜ਼ ਯੂਬਾ ਸਿਟੀ ਵਾਲੇ), ਬਸਰਾ ਟਰੱਕਿੰਗ ਯੂਬਾ ਸਿਟੀ, ਲੈਜੰਡ ਟਰਾਂਸਪੋਰਟ ਯੂਬਾ ਸਿਟੀ, ਸਾਗਰ ਟਰੱਕਿੰਗ ਯੂਬਾ ਸਿਟੀ, ਸ੍ਰੀ ਗੁਰਨਾਮ ਸਿੰਘ ਯੂਬਾ ਸਿਟੀ, ਸ੍ਰੀ ਅਮਰਨਾਥ ਭਾਰਦਵਾਜ, ਬੀਬੀ ਮਨਜੀਤ ਭਾਰਦਵਾਜ ਸੈਕਰਾਮੈਂਟੋ, ਕਰਮ ਕੌਰ ਸੂਦ, ਸ੍ਰੀ ਵਿਜੈ ਸਰੋਆ, ਸ੍ਰੀ ਚਰਨਜੀਤ ਸਰੋਆ, ਰਾਜੇਸ਼ ਲਾਲੀ, ਸਾਂਝੀ ਰਸੋਈ ਰੈਸਟੋਰੈਂਟ ਯੂਬਾ ਸਿਟੀ, ਇੰਦਰਜੀਤ ਸਿੰਘ ਸ਼ੇਰਗਿੱਲ, ਡਾ. ਜਗਪ੍ਰੀਤ ਸਿੰਘ, ਸ੍ਰੀ ਜੋਗਾ ਸਿੰਘ, ਸ੍ਰੀ ਕਸ਼ਮੀਰ ਸਿੰਘ ਖਾਲਸਾ, ਸ੍ਰੀ ਜਿਮ ਬਿਟਕਰ ਸ਼ਟਰ ਕਾਉਂਟੀ ਸੁਪਰਵਾਈਜ਼ਰ, ਸ੍ਰੀ ਇਕਬਾਲ ਸਿੰਘ ਯੂਬਾ ਸਿਟੀ ਫੋਟੋਗ੍ਰਾਫਰ ਜੀ, ਅਜੇ ਬਰਤੰਗ ਸੈਕਰਾਮੈਂਟੋ, ਸ੍ਰੀ ਬੌਬੀ ਸਿੰਘ ਸੈਕਰਾਮੈਂਟੋ, ਸ੍ਰੀ ਰਾਮ ਲੁਭਾਇਆ ਯੂਬਾ ਸਿਟੀ, ਬਿਕਰ ਸਿੰਘ ਯੂਬਾ ਸਿਟੀ, ਸ੍ਰੀ ਕਮਲਜੀਤ ਸਿੰਘ ਯੂਬਾ ਸਿਟੀ, ਬਿਕਰ ਸਿੰਘ ਯੂਬਾ ਸਿਟੀ, ਸ੍ਰੀ ਕਮਲਜੀਤ ਸਿੰਘ ਯੂਬਾ ਸਿਟੀ, ਸ੍ਰੀ ਤਜਿੰਦਰ ਸਿੰਘ ਦੁਸਾਞ, ਸ੍ਰੀ ਜਗੀਰ ਸਿੰਘ ਜੌਹਲ, ਭਾਈ ਪ੍ਰਿਤਪਾਲ ਸਿੰਘ ਜੀ ਹੈਡ ਗ੍ਰੰਥੀ ਗੁਰੂ ਘਰ, ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ ਗੁਰੂ ਘਰ) ਜੀ ਦਾ ਢਾਡੀ ਜਥਾ, ਸ੍ਰੀ ਸ਼ਾਮ ਪਾਲ ਜੀ (ਕਵੀ) ਯੂਬਾ ਸਿਟੀ, ਬੀਬੀ ਕੁਲਵੰਤ ਕੌਰ ਜੀ। ਬੀਬੀ ਮਮਤ ਕੌਰ ਜੀ, ਸ੍ਰੀ ਅਸ਼ੋਕ ਕੁਮਾਰ ਜੀ ਰਵਿਦਾਸੀਆ ਯੂਬਾ ਸਿਟੀ, ਸ੍ਰੀ ਪਾਲ ਰਵਿਦਾਸੀਆ, ਸ੍ਰੀ ਰਾਜ ਸੂਦ ਰਵਿਦਾਸੀਆ ਸੈਕਰਾਮੈਂਟੋ, ਸ੍ਰੀ ਬਲਜਿੰਦਰ ਸਿੰਘ ਰੱਲ੍ਹ ਜੀ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਰਿਓਲਿੰਡਾ (ਸੈਕਰਾਮੈਂਟੋ), ਲਵਜੋਤ ਸਿੰਘ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਸ੍ਰੀ ਰਾਜ ਕੁਮਾਰ ਜੀ, ਸ੍ਰੀ ਅਸ਼ੋਕ ਕੁਮਾਰ ਰਵਿਦਾਸੀਆ ਜੀ, ਸ੍ਰੀ ਪਾਲ ਰਵਿਦਾਸੀਆ ਜੀ ਦੀ ਸਮੁੱਚੀ ਟੀਮ ਵੱਲੋਂ ਗੋਲਗੱਪੇ, ਚਾਹ-ਪਕੌੜੇ ਅਤੇ ਮਠਿਆਈ ਦਾ ਲੰਗਰ ਲਗਾਇਆ ਗਿਆ। ਸਾਂਝੀ ਰਸੋਈ ਰੈਸਟੋਰੈਂਟ ਵੱਲੋਂ ਛੋਲੇ ਭਟੂਰਿਆਂ ਦੇ ਲੰਗਰ ਦੀ ਸੇਵਾ ਕੀਤੀ ਗਈ।

ਇਸ ਸਮਾਗਮ ਵਿਚ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਨੇ ਤਿੰਨੇ ਦਿਨ ਪੂਰੀ ਲਗਨ ਤੇ ਸ਼ਰਧਾ ਨਾਲ ਸੰਗਤਾਂ ਦੀ ਸੇਵਾ ਕੀਤੀ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਸਾਰੇ ਪ੍ਰੋਗਰਾਮ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਤਸਵੀਰਾਂ ਦੀ ਸੇਵਾ ਅਜੈ ਪਡਬੱਗਾ ਨੇ ਨਿਭਾਈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੀਂ ਵਰ੍ਹੇਗੰਢ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ


































# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੀਂ ਵਰ੍ਹੇਗੰਢ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ
















# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ 11ਵੀਂ ਵਰ੍ਹੇਗੰਢ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ



















ਡਾ. ਮਨਮੋਹਨ ਸਿੰਘ



ਸ੍ਰੀਮਤੀ ਸੋਨੀਆ ਗਾਂਧੀ



ਸ੍ਰੀ ਰਾਹੁਲ ਗਾਂਧੀ



ਕੈਪਟਨ ਅਮਰਿੰਦਰ ਸਿੰਘ

# ਪੰਜਾਬ ਕਾਂਗਰਸ ਦੇ ਧੜੱਲੇਦਾਰ ਲੀਡਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਪੰਜਾਬੀਆਂ ਵੱਲੋਂ ਕਾਂਗਰਸ ਪਾਰਟੀ ਨੂੰ ਦਿੱਤੇ ਭਰਪੂਰ ਫਤਵੇ ਲਈ ਕੋਟਿ-ਕੋਟਿ ਧੰਨਵਾਦ

ਜਾਰੀ ਕਰਤਾ

## ਪਾਲ ਸਿਹੋਤਾ

ਚੇਅਰਮੈਨ

ਵੈਸਟ ਕੌਸਟ ਇੰਡੀਅਨ ਓਵਰਸੀਜ਼ ਕਾਂਗਰਸ

559-269-6974

SmartWay®

Transport Partnership

Getting There With Cleaner Air

3545 E Data Avenue

Fresno CA 93735-1933



# ਕਦੋਂ ਤੱਕ ਧਰਵਾਸ ਦੇਂਦੀਆਂ ਰਹਿਣਗੀਆਂ ਵਾਅਦਿਆਂ ਦੀਆਂ ਇਹ ਪਟਾਰੀਆਂ?



ਗੁਰਮੀਤ ਸਿੰਘ ਪਲਾਹੀ
91-98158-02070

**ਹਰ ਚੋਣ ਵੇਲੇ ਜਾਂ ਚੋਣ ਤਿਆਰੀਆਂ ਤੋਂ ਪਹਿਲਾਂ ਮੋਦੀ ਸਰਕਾਰ ਵੱਲੋਂ ਨਵੀਂਆਂ ਸਕੀਮਾਂ ਦੇ ਅੰਬਾਰ ਜਾਂ ਵਾਅਦੇ ਦੇਸ਼ ਦੇ 130 ਕਰੋੜ ਲੋਕਾਂ ਨੂੰ ਆਖ਼ਰ ਕਦੋਂ ਤੱਕ ਭਰਮਾਉਂਦੇ ਦਿੰਦੇ ਰਹਿਣਗੇ? ਸੰਨ 2022 ਤੱਕ ਮੋਦੀ ਸਰਕਾਰ ਵੱਲੋਂ ਭਾਰਤ ਦੇ ਬਦਲਾਅ ਦੀ ਇੱਕ ਰੂਪ-ਰੇਖਾ ਖਿੱਚੀ ਗਈ ਹੈ। ਉਦੋਂ ਦੇਸ਼ ਆਪਣੀ ਆਜ਼ਾਦੀ ਦੇ 75 ਸਾਲ ਪੂਰੇ ਕਰ ਲਏਗਾ? ਸੰਨ 2014 ਦੀਆਂ ਚੋਣਾਂ ਤੋਂ ਬਾਅਦ ਆਪਣੇ ਭਾਸ਼ਣਾਂ ਵਿੱਚ ਮੋਦੀ ਨੇ 35 ਸਾਲ ਤੋਂ ਘੱਟ ਉਮਰ ਦੇ ਦੇਸ਼ ਵਾਸੀਆਂ ਨੂੰ ਵੱਖਰੇ ਸੁਫ਼ਨੇ ਵਿਖਾਏ ਹਨ। ਬੇਟੀ ਬਚਾਉ, ਬੇਟੀ ਪੜ੍ਹਾਓ, ਜਨ-ਧਨ ਖਾਤਾ, ਗ਼ਰੀਬ ਔਰਤਾਂ ਲਈ ਮੁਫ਼ਤ ਗੈਸ ਸਿਲੰਡਰ ਦੇਣ ਦੇ ਜ਼ਰੀਏ ਉਨ੍ਹਾਂ ਲੋਕਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ, ਜੋ ਉਨ੍ਹਾਂ ਦੀ ਪਾਰਟੀ ਭਾਜਪਾ ਨਾਲ ਨਹੀਂ ਸਨ ਖੜੇ। ਦੇਸ਼ 'ਚ ਬਦਲਾਅ ਲਈ ਉਨ੍ਹਾ ਨੇ ਗ਼ਰੀਬਾਂ ਦੀ ਤਾਕਤ ਅਤੇ ਮੱਧ-ਵਰਗ ਦੇ ਲੋਕਾਂ ਦੇ ਸੁਫ਼ਨਿਆਂ ਨੂੰ ਇੱਕੋ ਥਾਂ ਇਕੱਠਾ ਕਰਨ ਦਾ ਯਤਨ ਕੀਤਾ ਅਤੇ ਸਿੰਜਾਈ, ਪੜ੍ਹਾਈ, ਦਵਾਈ ਅਤੇ ਕਮਾਈ ਦਾ ਨੁਸਖਾ ਦੇਸ਼ ਵਾਸੀਆਂ ਨੂੰ ਪਰੋਸ ਦਿੱਤਾ, ਪਰ ਮੋਦੀ ਦੇ ਉਸ ਵਾਅਦੇ ਦਾ ਕੀ ਬਣਿਆ, ਜਿਸ ਅਧੀਨ ਉਨ੍ਹਾ ਬਦੇਸ਼ੀ ਬੈਂਕਾਂ 'ਚ ਜਮ੍ਹਾਂ ਕਾਲਾ ਧਨ ਕੱਢਵਾ ਕੇ ਹਰੇਕ ਹਿੰਦੋਸਤਾਨੀ ਦੇ ਖਾਤੇ ਵਿੱਚ ਪੰਦਰਾਂ-ਪੰਦਰਾਂ ਲੱਖ ਰੁਪਿਆ ਪਾਉਣਾ ਸੀ?**

ਵਿਧਾਨ ਸਭਾ ਚੋਣਾਂ 'ਚ ਭਾਜਪਾ ਵੱਲੋਂ ਫੈਲਾਏ ਭਰਮ ਜਾਲ ਨੇ ਉੱਤਰ ਪ੍ਰਦੇਸ਼, ਉੱਤਰਾ ਖੰਡ ਦੇ ਦੋ ਰਾਜਾਂ ਵਿੱਚ ਪਾਰਟੀ ਨੂੰ ਗੱਦੀ ਉੱਤੇ ਭਾਰੀ ਬਹੁਮੱਤ ਸੀਟਾਂ ਜਿਤਾ ਕੇ ਬਿਠਾ ਦਿੱਤਾ ਹੈ। ਦੋ ਰਾਜਾਂ; ਮਨੀਪੁਰ ਅਤੇ ਗੋਆ 'ਚ ਧੱਕੇ ਨਾਲ ਭਾਜਪਾ ਨੇ ਰਾਜਸੀ ਤਾਕਤ ਹਥਿਆ ਲਈ ਹੈ। ਭਾਜਪਾ ਦੇ ਪ੍ਰਮੁੱਖ ਨੇਤਾ ਨਰਿੰਦਰ ਮੋਦੀ ਨੇ ਇੱਕ ਚਲਾਕ ਸਿਆਸਤਦਾਨ ਦੀ ਤਰ੍ਹਾਂ ਇਨ੍ਹਾਂ ਚੋਣਾਂ 'ਚ ਸਮਾਜ ਦੇ ਵੱਖੋ-ਵੱਖਰੇ ਵਰਗਾਂ ਦੇ ਲੋਕਾਂ ਲਈ ਅਲੱਗ-ਅਲੱਗ ਵਾਅਦੇ ਕੀਤੇ ਅਤੇ ਲੋਕਾਂ ਦੀ ਥੋੜ੍ਹ-ਚਿਰੀ ਯਾਦ ਸ਼ਕਤੀ ਦੇ ਚੱਲਦੇ ਉਨ੍ਹਾਂ ਨਾਲ ਕੀਤੇ ਪਹਿਲੇ ਵਾਅਦੇ ਭੁਲਾ ਦਿੱਤੇ। ਪੇਂਡੂ ਅਤੇ ਸ਼ਹਿਰੀ ਲੋਕਾਂ ਦੀਆਂ ਚਿੰਤਾਵਾਂ ਦਾ ਧਿਆਨ ਰੱਖਦਿਆਂ ਸੁਫ਼ਨਿਆਂ ਦੇ ਸੌਦਾਗਰ ਨਰਿੰਦਰ ਮੋਦੀ ਨੇ ਇਨ੍ਹਾਂ ਚੋਣਾਂ 'ਚ ਚਾਰ ਮੁੱਖ ਜ਼ਰੂਰਤਾਂ; ਸਿੰਜਾਈ, ਪੜ੍ਹਾਈ, ਦਵਾਈ ਅਤੇ ਕਮਾਈ ਉੱਤੇ ਜ਼ੋਰ ਦਿੱਤਾ, ਹਿੰਦੂ ਪੱਤਾ ਖੇਡਿਆ। ਉਸ ਦੀ ਪਾਰਟੀ ਭਾਜਪਾ ਨੇ ਕਿਸੇ ਵੀ ਮੁਸਲਮਾਨ ਨੂੰ ਆਪਣਾ ਉਮੀਦਵਾਰ ਨਾ ਬਣਾਇਆ ਅਤੇ ਪੂਰਾ ਜ਼ੋਰ ਉਸ ਨੇ ਕਾਂਗਰਸ ਸਮੱਰਥਕ ਗ਼ਰੀਬਾਂ ਅਤੇ ਦਲਿਤ ਵੋਟਾਂ ਨੂੰ ਆਪਣੇ ਵੱਲ ਖਿੱਚਣ ਲਈ ਲਗਾਇਆ ਅਤੇ ਬਸਪਾ ਦੇ ਗੜ੍ਹ ਵਿੱਚ ਸੁਰਾਖ ਕਰ ਕੇ ਗ਼ੈਰ-ਯਾਦਵ ਅਤੇ ਗ਼ੈਰ-ਜਾਟਵ ਵੋਟਾਂ ਹਾਸਲ ਕੀਤੀਆਂ। ਅਸਲ ਵਿੱਚ ਯੂ ਪੀ, ਉੱਤਰਾ ਖੰਡ ਸਮੇਤ ਪੰਜ ਵਿਧਾਨ ਸਭਾਵਾਂ ਦੀਆਂ ਚੋਣਾਂ ਸਾਲ 2019 'ਚ ਹੋਣ ਵਾਲੀ ਦੇਸ਼ ਦੀ ਪਾਰਲੀਮੈਂਟ ਚੋਣ ਲਈ ਤਿਆਰੀ ਵਜੋਂ ਦੇਖੀਆਂ ਜਾ ਰਹੀਆਂ ਹਨ। ਮੋਦੀ ਸਰਕਾਰ ਨੇ ਆਪਣੇ 5 ਸਾਲਾਂ ਦੇ ਕਾਰਜ ਕਾਲ ਦੇ 1020 ਦਿਨ ਪੂਰੇ ਕਰ ਲਏ ਹਨ ਅਤੇ ਉਸ ਨੇ ਹੁਣ ਦੇਸ਼ ਦੇ 15 ਰਾਜਾਂ 'ਚ ਆਪਣੇ ਬਲਬੂਤੇ ਅਤੇ ਸਹਿਯੋਗੀ ਦਲਾਂ ਨਾਲ ਰਲ ਕੇ ਕਬਜ਼ਾ ਕਰ ਲਿਆ ਹੈ। ਇਨ੍ਹਾਂ 15 ਰਾਜਾਂ ਦੀ ਆਬਾਦੀ ਦੇਸ਼ ਦੀ ਕੁੱਲ ਆਬਾਦੀ ਦਾ 60 ਫ਼ੀਸਦੀ ਹੈ ਅਤੇ ਇਹ ਰਾਜ ਦੇਸ਼ ਦੇ 70 ਫ਼ੀਸਦੀ ਭੂਗੋਲਿਕ ਖੇਤਰ 'ਚ ਫੈਲੇ ਹੋਏ ਹਨ।

ਆਪਣੇ ਰਾਜ-ਭਾਗ ਦੇ 1020 ਦਿਨਾਂ ਵਿੱਚ ਮੋਦੀ ਸਰਕਾਰ ਨੇ ਬਹੁਤ ਸਾਰੀਆਂ ਯੋਜਨਾਵਾਂ ਸ਼ੁਰੂ ਕੀਤੀਆਂ। ਮੇਕ ਇਨ ਇੰਡੀਆ, ਸਵੱਛ ਭਾਰਤ, ਸਮਾਰਟ ਸਿਟੀ, ਡਿਜੀਟਲ ਇੰਡੀਆ, ਕੁਸ਼ਲ ਭਾਰਤ, ਗ੍ਰਾਮ ਜੋਤੀ ਯੋਜਨਾ, ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ, ਸਿਆਮਾ ਪ੍ਰਸ਼ਾਦ ਰੂਅਰਬਨ ਮਿਸ਼ਨ, ਨਮਾਮੀ ਗੰਗਾ, ਆਦਰਸ਼ ਗ੍ਰਾਮ ਯੋਜਨਾ, ਉੱਜਵਲ ਯੋਜਨਾ, ਉਦੈ ਅਤੇ ਅੰਮ੍ਰਿਤ ਇਹ ਸਾਰੇ ਮੋਦੀ ਸਰਕਾਰ ਦੇ ਪ੍ਰੋਗਰਾਮ ਹਨ। ਜਨ-ਧਨ ਯੋਜਨਾ ਅਤੇ ਵਿੱਤੀ ਸੁਧਾਰਾਂ ਵਾਲੀਆਂ ਹੋਰ ਯੋਜਨਾਵਾਂ ਨੂੰ ਜੇਕਰ ਪਾਸੇ ਵੀ ਰੱਖ ਦੇਈਏ ਤਾਂ ਬਾਕੀ ਸਾਰੀਆਂ ਯੋਜਨਾਵਾਂ ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਵੱਖੋ-ਵੱਖਰੇ ਪੱਧਰ ਉੱਤੇ ਨਿਰਮਾਣ ਕਾਰਜਾਂ ਨਾਲ ਸੰਬੰਧਤ ਯੋਜਨਾਵਾਂ ਹਨ। ਉਂਜ ਬਹੁਤੀਆਂ ਨੀਤੀਆਂ ਮੌਜੂਦਾ ਕੇਂਦਰ ਸਰਕਾਰ ਵੱਲੋਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਰਾਜ ਸਰਕਾਰਾਂ ਦਾ ਉਨ੍ਹਾਂ ਵਿੱਚ ਬਹੁਤ ਘੱਟ ਰੋਲ ਹੁੰਦਾ ਹੈ। ਸਿੱਟੇ ਵਜੋਂ ਬਹੁਤੀਆਂ ਯੋਜਨਾਵਾਂ ਜ਼ਮੀਨੀ ਪੱਧਰ ਉੱਤੇ ਲਾਗੂ ਕੀਤੇ ਜਾਣ ਤੱਕ ਆਪਣੀ ਸਾਰਥਿਕਤਾ ਹੀ ਗੁਆ ਬੈਠੀਆਂ ਹੁੰਦੀਆਂ ਹਨ, ਜਿਵੇਂ ਮੋਦੀ ਸਰਕਾਰ ਵੱਲੋਂ ਵੱਡੀ ਪੱਧਰ ਉੱਤੇ ਬਣਾਈਆਂ ਯੋਜਨਾਵਾਂ ਦੇ ਸੰਬੰਧ 'ਚ ਹੋਇਆ-ਵਾਪਰਿਆ ਹੈ। ਉਦਾਹਰਣ ਵਜੋਂ ਸਮਾਰਟ ਸਿਟੀ ਯੋਜਨਾ ਨੂੰ ਹੀ ਲੈ ਲਈਏ।

ਇਹ ਠੀਕ ਹੈ ਕਿ ਸ਼ਹਿਰੀ ਵਿਕਾਸ ਵੱਲ ਧਿਆਨ ਦੇਣ ਦੀ ਲੋੜ ਹੈ। ਸਮਾਰਟ ਸਿਟੀ ਦਾ ਵਿਚਾਰ ਵੀ 'ਸਮਾਰਟ' ਹੈ, ਪਰ ਇਸ ਵਿਚਾਰ ਅਤੇ ਯੋਜਨਾ ਨੂੰ ਲਾਗੂ ਕਰਨ ਵਾਲਾ ਸ਼ਾਸਨ ਅਤੇ ਅਫ਼ਸਰਸ਼ਾਹੀ-ਬਾਬੂਸ਼ਾਹੀ ਸਮਾਰਟ ਹੈ! ਦੇਸ ਹਾਲੇ ਤੱਕ ਇੱਕ-ਤਿਹਾਈ ਸੀਵਰੇਜ ਦੇ ਪਾਣੀ ਅਤੇ 20 ਫ਼ੀਸਦੀ ਕਚਰੇ ਨੂੰ ਸੰਭਾਲਣ ਦੇ ਯੋਗ ਹੋ ਸਕਿਆ ਹੈ। ਦੇਸ਼ 'ਚ ਸਾਫ਼-ਸੁਥਰੇ ਪਾਣੀ ਦੀ ਉਪਲੱਬਧਤਾ ਬੋਤਲ ਬੰਦ ਪਾਣੀ ਅਤੇ ਟੈਂਕਰ ਮਾਫੀਏ ਉੱਤੇ ਨਿਰਭਰ ਹੈ। ਤਦ ਫਿਰ ਅਸੀਂ ਸਮਾਰਟ ਸਿਟੀ ਦਾ ਸੁਫ਼ਨਾ ਪੂਰਾ ਕਰਨ ਦੇ ਯੋਗ ਕਿਵੇਂ ਹੋ ਸਕਦੇ ਹਾਂ?

ਇਸ ਤੋਂ ਵੀ ਅਗਲੀ ਗੱਲ ਇਹ ਕਿ ਪਿੰਡ ਪੰਚਾਇਤਾਂ, ਨਗਰ ਪਾਲਿਕਾਵਾਂ ਨੂੰ ਸੰਵਿਧਾਨ ਵਿੱਚ 73ਵੀਂ ਅਤੇ 74ਵੀਂ ਸੋਧ ਕਰਨ ਦੇ ਦੋ ਦਹਾਕਿਆਂ ਬਾਅਦ ਵੀ ਦੇਸ ਅਫ਼ਸਰਸ਼ਾਹੀ ਦੇ ਚੁੰਗਲ ਵਿੱਚੋਂ ਬਾਹਰ ਕੱਢਣ 'ਚ ਕਾਮਯਾਬ ਨਹੀਂ ਹੋ ਸਕਿਆ। ਸਿੱਟੇ ਵਜੋਂ ਉੱਪਰੋਂ ਕੇਂਦਰੋਂ ਆਈ ਕੋਈ ਵੀ ਯੋਜਨਾ ਨਾ ਹੇਠਲੇ ਪੱਧਰ ਉੱਤੇ ਠੀਕ ਢੰਗ ਨਾਲ, ਠੀਕ ਸਮੇਂ ਉੱਤੇ ਪੁੱਜਦੀ ਹੈ ਅਤੇ ਨਾ ਪੈਸੇ, ਕਰਮਚਾਰੀਆਂ ਅਤੇ ਇੱਛਾ ਸ਼ਕਤੀ ਦੀ ਕਮੀ ਕਾਰਨ ਪਿੰਡਾਂ-ਸ਼ਹਿਰਾਂ 'ਚ ਸਾਕਾਰਾਤਮਕ ਢੰਗ ਨਾਲ ਲਾਗੂ ਹੁੰਦੀ ਹੈ। ਕੇਂਦਰ ਸਰਕਾਰ ਜਿਹੋ ਜਿਹਾ ਵਰਤਾਉ ਰਾਜ ਸਰਕਾਰਾਂ ਨਾਲ ਕਰਦੀ ਹੈ, ਉਹੋ ਜਿਹਾ ਵਰਤਾਉ ਰਾਜ ਸਰਕਾਰਾਂ ਸਥਾਨਕ ਸਰਕਾਰਾਂ (ਪੰਚਾਇਤਾਂ, ਨਗਰ ਪਾਲਿਕਾਵਾਂ) ਨਾਲ ਕਰਦੀਆਂ ਹਨ।

ਸਵੱਛ ਭਾਰਤ ਯੋਜਨਾ ਸਿਰਫ਼ ਸ਼ਹਿਰਾਂ-ਪਿੰਡਾਂ ਵਿੱਚ ਲੈਟਰੀਨਾਂ ਦੀ ਉਸਾਰੀ ਦੀ ਯੋਜਨਾ ਹੀ ਨਹੀਂ ਹੈ, ਸਗੋਂ ਦੇਸ਼ ਨੂੰ ਸਾਫ਼ ਬਣਾਉਣ, ਕੁਪੋਸਣ ਰੋਕਣ, ਨਵੇਂ ਜੰਮੇ ਬੱਚਿਆਂ ਦੀ ਮੌਤ ਦਰ ਘਟਾਉਣ ਜਾਂ ਰੋਕਣ, ਸਾਫ਼ ਪਾਣੀ ਦੇ ਪ੍ਰਬੰਧ, ਸੀਵਰੇਜ ਅਤੇ ਕਚਰਾ ਪ੍ਰਬੰਧਨ ਜਿਹੇ ਮਹੱਤਵ ਪੂਰਨ ਮੁੱਦਿਆਂ ਨੂੰ ਲਾਗੂ ਕਰਨ ਦੀ ਯੋਜਨਾ ਹੈ। ਕੀ ਇਹ ਯੋਜਨਾ ਕਿਸੇ ਰਾਜ 'ਚ, ਸਮੇਤ ਭਾਜਪਾ ਪ੍ਰਸ਼ਾਸਤ ਰਾਜਾਂ ਦੇ, ਕੋਈ ਫਲ ਦੇ ਸਕੀ ਹੈ? ਇਹੋ ਹਾਲ ਮੇਕ ਇਨ ਇੰਡੀਆ ਦਾ ਹੋਇਆ ਹੈ, ਜਿਸ ਬਾਰੇ ਸ਼ਿਕਾਇਤ ਹੈ ਕਿ ਕੋਈ ਵੀ ਪ੍ਰਾਜੈਕਟ ਸ਼ੁਰੂ ਕਰਨ ਲਈ ਮਨਜ਼ੂਰੀ ਲੈਣ ਲਈ ਲੰਮਾ ਸਮਾਂ ਲੱਗਦਾ ਹੈ। ਉਦਾਹਰਣ ਵਜੋਂ ਕੋਈ ਵੀ ਹੋਟਲ ਪ੍ਰਾਜੈਕਟ ਸ਼ੁਰੂ ਕਰਨ ਲਈ 120 ਅਤੇ ਬਿਜਲੀ ਯੋਜਨਾ ਸ਼ੁਰੂ ਕਰਨ ਲਈ 90 ਮਨਜ਼ੂਰੀਆਂ ਲੈਣੀਆਂ ਪੈਂਦੀਆਂ ਹਨ।

ਹਰ ਚੋਣ ਵੇਲੇ ਜਾਂ ਚੋਣ ਤਿਆਰੀਆਂ ਤੋਂ ਪਹਿਲਾਂ ਮੋਦੀ ਸਰਕਾਰ ਵੱਲੋਂ ਨਵੀਂਆਂ ਸਕੀਮਾਂ ਦੇ ਅੰਬਾਰ ਜਾਂ ਵਾਅਦੇ ਦੇਸ਼ ਦੇ 130 ਕਰੋੜ ਲੋਕਾਂ ਨੂੰ ਆਖ਼ਰ ਕਦੋਂ ਤੱਕ ਭਰਮਾਉਂਦੇ ਦਿੰਦੇ ਰਹਿਣਗੇ? ਸੰਨ 2022 ਤੱਕ ਮੋਦੀ ਸਰਕਾਰ ਵੱਲੋਂ ਭਾਰਤ ਦੇ ਬਦਲਾਅ ਦੀ ਇੱਕ ਰੂਪ-ਰੇਖਾ ਖਿੱਚੀ ਗਈ ਹੈ। ਉਦੋਂ ਦੇਸ਼ ਆਪਣੀ ਆਜ਼ਾਦੀ ਦੇ 75 ਸਾਲ ਪੂਰੇ ਕਰ ਲਏਗਾ? ਸੰਨ 2014 ਦੀਆਂ ਚੋਣਾਂ ਤੋਂ ਬਾਅਦ ਆਪਣੇ ਭਾਸ਼ਣਾਂ ਵਿੱਚ ਮੋਦੀ ਨੇ 35 ਸਾਲ ਤੋਂ ਘੱਟ ਉਮਰ ਦੇ ਦੇਸ਼ ਵਾਸੀਆਂ ਨੂੰ ਵੱਖਰੇ ਸੁਫ਼ਨੇ ਵਿਖਾਏ ਹਨ। ਬੇਟੀ ਬਚਾਉ, ਬੇਟੀ ਪੜ੍ਹਾਓ, ਜਨ-ਧਨ ਖਾਤਾ, ਗ਼ਰੀਬ ਔਰਤਾਂ ਲਈ ਮੁਫ਼ਤ ਗੈਸ ਸਿਲੰਡਰ ਦੇਣ ਦੇ ਜ਼ਰੀਏ ਉਨ੍ਹਾਂ ਲੋਕਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ, ਜੋ ਉਨ੍ਹਾਂ ਦੀ ਪਾਰਟੀ ਭਾਜਪਾ ਨਾਲ ਨਹੀਂ ਸਨ ਖੜੇ। ਦੇਸ਼ 'ਚ ਬਦਲਾਅ ਲਈ ਉਨ੍ਹਾ ਨੇ ਗ਼ਰੀਬਾਂ ਦੀ ਤਾਕਤ ਅਤੇ ਮੱਧ-ਵਰਗ ਦੇ ਲੋਕਾਂ ਦੇ ਸੁਫ਼ਨਿਆਂ ਨੂੰ ਇੱਕੋ ਥਾਂ ਇਕੱਠਾ ਕਰਨ ਦਾ ਯਤਨ ਕੀਤਾ ਅਤੇ ਸਿੰਜਾਈ, ਪੜ੍ਹਾਈ, ਦਵਾਈ ਅਤੇ ਕਮਾਈ ਦਾ ਨੁਸਖਾ ਦੇਸ਼ ਵਾਸੀਆਂ ਨੂੰ ਪਰੋਸ ਦਿੱਤਾ, ਪਰ ਮੋਦੀ ਦੇ ਉਸ ਵਾਅਦੇ ਦਾ ਕੀ ਬਣਿਆ, ਜਿਸ ਅਧੀਨ ਉਨ੍ਹਾ ਬਦੇਸ਼ੀ ਬੈਂਕਾਂ 'ਚ ਜਮ੍ਹਾਂ ਕਾਲਾ ਧਨ ਕੱਢਵਾ ਕੇ ਹਰੇਕ ਹਿੰਦੋਸਤਾਨੀ ਦੇ ਖਾਤੇ ਵਿੱਚ ਪੰਦਰਾਂ-ਪੰਦਰਾਂ ਲੱਖ ਰੁਪਿਆ ਪਾਉਣਾ ਸੀ?

ਦੇਸ਼ ਦੀਆਂ ਨਿਰਮਾਣ ਯੋਜਨਾਵਾਂ ਅਤੇ ਯੋਜਨਾਵਾਂ ਲਈ ਲੱਖਾਂ-ਕਰੋੜਾਂ ਨੌਕਰੀਆਂ ਦੇ ਵਾਅਦੇ ਕਿੱਥੇ ਗਏ? ਕੀ ਉਹ ਵਫਾ ਹੋਏ? ਨੋਟ-ਬੰਦੀ ਨੇ ਦੇਸ਼ ਦੇ ਲੋਕਾਂ ਲਈ ਅਸੁਵਿਧਾਵਾਂ ਪੈਦਾ ਕੀਤੀਆਂ ਹੋਈਆਂ ਹਨ, ਜਿਹੜੀਆਂ ਹਾਲੇ ਵੀ ਉਨ੍ਹਾਂ ਦੇ ਪਿੰਡੇ ਨਾਲ ਚੰਬੜੀਆਂ ਹੋਈਆਂ ਹਨ, ਪਰ ਦੇਸ਼ ਦੇ ਸ਼ਾਸਕ ਨੋਟ-ਬੰਦੀ ਨੂੰ ਸਭ ਤੋਂ ਵੱਡਾ, ਗ਼ਰੀਬ ਸਮੱਰਥਕ ਅਤੇ ਕਾਲੇ ਧਨ ਨੂੰ ਕਾਬੂ ਕਰਨ ਦਾ ਸਾਧਨ ਦੱਸ ਰਹੇ ਹਨ, ਉਵੇਂ ਹੀ ਜਿਵੇਂ ਇੰਦਰਾ ਗਾਂਧੀ ਨੇ ਬੈਂਕਾਂ ਦੇ ਰਾਸ਼ਟਰੀਕਰਨ, ਪ੍ਰਿਵੀਪਰਸ ਖ਼ਤਮ ਕਰਨ ਅਤੇ ਗ਼ਰੀਬੀ ਹਟਾਉ ਦੇ ਨਾਹਰੇ ਨੂੰ ਗ਼ਰੀਬੀ ਹਟਾਉਣ ਦਾ ਉਪਾਅ ਮੰਨ ਲਿਆ ਸੀ।

ਦੇਸ਼ ਦੇ ਲੋਕ ਗ਼ਰੀਬੀ, ਬੇਰੁਜ਼ਗਾਰੀ, ਜ਼ਹਾਲਤ, ਭੁੱਖਮਰੀ ਦੀ ਚੱਕੀ 'ਚ ਪਿੱਸ ਰਹੇ ਹਨ। ਦੇਸ਼ ਦੇ ਸ਼ਾਸਕ ਆਪਣੀ ਕੁਰਸੀ ਪੱਕੀ ਕਰਨ ਲਈ ਕਿਧਰੇ ਧਰਮ ਦਾ ਪੱਤਾ ਖੇਡ ਰਹੇ ਹਨ, ਕਿਧਰੇ ਵਿਕਾਸ ਦਾ ਕਾਰਪੋਰੇਟੀ ਮਾਡਲ ਪੇਸ਼ ਕਰ ਕੇ ਲੋਕਾਂ ਦੀ ਲੁੱਟ-ਖਸੁੱਟ ਦਾ ਸਮਾਨ ਜੁਟਾ ਰਹੇ ਹਨ। ਕੀ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਚੋਣਾਂ ਦੌਰਾਨ ਦਿੱਤੇ ਗਏ ਇਹ ਬਿਆਨ; 'ਜਬ ਕਬਰਸਤਾਨ ਬਨ ਰਹੇ ਹੈਂ ਤੋ ਸ਼ਮਸ਼ਾਨ ਕਿਉਂ ਨਹੀਂ?' ਜਾਂ 'ਅਗਰ ਰਮਜ਼ਾਨ ਮੇਂ ਬਿਜਲੀ ਪੂਰੀ ਮਿਲਤੀ ਹੈ ਤੋ ਹੋਲੀ ਜਾਂ ਦੀਵਾਲੀ ਕੇ ਦਿਨੋਂ ਮੇਂ ਕਿਉਂ ਨਹੀਂ?' ਪਰਜਾਤੰਤਰੀ ਦੇਸ਼ ਨੂੰ ਅਧੋਗਤੀ ਵੱਲ ਨਹੀਂ ਲੈ ਕੇ ਜਾਣਗੇ? ਕੀ ਜਾਤੀਗਤ ਸਮੀਕਰਨਾਂ ਨਾਲ ਵੋਟ ਬਟੋਰਨ, ਧਰਮ ਦੇ ਨਾਮ ਉੱਤੇ ਹਿੰਦੂ ਸਮਾਜ ਦਾ ਧਰੁਵੀਕਰਨ ਦੇਸ਼ ਲਈ ਘਾਤਕ ਸਿੱਧ ਨਹੀਂ ਹੋਵੇਗਾ? ਵੱਖੋ-ਵੱਖਰੇ ਵਰਗਾਂ ਦੇ ਲੋਕਾਂ ਲਈ ਵੱਖੋ-ਵੱਖਰੇ ਜੁਮਲੇ ਲਗਾ ਕੇ ਭਗਵੀ ਪਾਰਟੀ ਨੇ ਯੂ ਪੀ ਨੂੰ ਐਸਾ ਭਗਵੇਂ ਰੰਗ 'ਚ ਰੰਗਿਆ ਕਿ ਦੂਜੀਆਂ ਪਾਰਟੀਆਂ 'ਚੋਂ ਚੁੱਕ ਕੇ ਲਿਆਂਦੇ ਨੇਤਾ, ਦਰਜਨਾਂ ਅਦਾਲਤੀ ਕੇਸਾਂ ਦਾ ਸਾਹਮਣਾ ਕਰ ਰਹੇ ਭਗਵੇਂ ਉਮੀਦਵਾਰ ਵੀ ਚੋਣਾਂ ਜਿੱਤ ਕੇ ਅਸੰਬਲੀਆਂ 'ਚ ਪੁੱਜ ਗਏ ਹਨ।

ਇੰਜ ਜਾਪਿਆ, ਜਿਵੇਂ ਸਿਆਸਤ ਜੁਮਲਿਆਂ ਦੀ ਬਾਂਦੀ ਬਣ ਕੇ ਰਹਿ ਗਈ ਹੈ। ਗ਼ਰੀਬੀ ਹਟਾ ਦਿਆਂਗੇ! ਬੇਰੁਜ਼ਗਾਰੀ ਖ਼ਤਮ ਕਰ ਦਿਆਂਗੇ! ਭ੍ਰਿਸ਼ਟਾਚਾਰ ਰਹਿਣ ਨਹੀਂ ਦਿਆਂਗੇ! ਕੁਸ਼ਾਸਨ ਕਿਧਰੇ ਦਿਖਾਈ ਹੀ ਨਹੀਂ ਦੇਵੇਗਾ! ਵਰਗੇ ਕੂੜ ਪ੍ਰਚਾਰ ਨੇ ਸੱਭੋ ਕੁਝ ਨੁਕਰੇ ਲਗਾ ਦਿੱਤਾ; ਵਿਕਾਸ, ਸੜਕਾਂ, ਸਿੱਖਿਆ-ਸਿਹਤ ਦੇ ਸਾਰੇ ਮੁੱਦੇ ਇਵੇਂ ਜਾਪਿਆ, ਜਿਵੇਂ ਖ਼ਤਮ ਹੀ ਹੋ ਗਏ ਹੋਣ! ਰੱਬ ਖ਼ੈਰ ਕਰੇ!

# ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਦੀ ਸਰਬ ਸੰਮਤੀ ਨਾਲ ਹੋਈ ਚੋਣ

## ਗੁਰਮੀਤ ਜਨਰਲ ਸਕੱਤਰ ਅਤੇ ਗੁਰਮੀਤ ਢੱਡਾ ਪ੍ਰਧਾਨ ਚੁਣੇ ਗਏ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਤਿੰਨ ਸਾਲਾਂ ਸੈਸ਼ਨ ਮੁਕੰਮਲ ਹੋਣ ਉਪਰੰਤ ਹੋਈ ਵਿਸ਼ੇਸ਼ ਮੀਟਿੰਗ 'ਚ ਅੱਜ ਅਗਲੇ ਤਿੰਨ ਵਰ੍ਹਿਆਂ ਲਈ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਕਾਰ-ਜਕਾਰੀ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ 'ਚ ਮੀਟਿੰਗ ਦੇ ਸ਼ੁਰੂਆਤ ਵਿੱਚ ਸੰਤ ਜਗਦੀਸ਼ ਸਿੰਘ ਵਰਿਆਮ, ਆਰਟਿਸਟ ਸੁਖਵੰਤ, ਉੱਘੇ ਭਾਸ਼ਾ ਵਿਗਿਆਨੀ ਡਾ. ਵੇਦ ਅਗਨੀਹੋਤਰੀ, ਡਾ. ਗੁਰਲਾਲ ਸਿੰਘ ਅਤੇ ਰੰਗਕਰਮੀ ਮੱਖਣ ਕ੍ਰਾਂਤੀ ਦੇ ਦਰਦਨਾਕ ਵਿਛੋੜੇ 'ਤੇ ਖੜ੍ਹੇ ਹੋ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।






ਕਮੇਟੀ ਦੇ ਸੀਨੀਅਰ ਟਰੱਸਟੀ ਅਤੇ ਸਾਬਕਾ ਜਨਰਲ ਸਕੱਤਰ ਗੰਧਰਵ ਸੇਨ ਕੋਛੜ ਵੱਲੋਂ ਰੱਖੇ ਗਏ ਅਹੁਦੇਦਾਰਾਂ ਦੇ ਪੈਨਲ ਨੂੰ ਸਰਬ ਸੰਮਤੀ ਨਾਲ ਹਾਊਸ ਵੱਲੋਂ ਪ੍ਰਵਾਨਗੀ ਦਿੱਤੀ ਗਈ। ਜਿਸ ਮੁਤਾਬਕ ਅਗਲੇ ਤਿੰਨ ਵਰ੍ਹਿਆਂ ਦੇ ਸੈਸ਼ਨ ਲਈ ਗੁਰਮੀਤ ਸਿੰਘ ਢੱਡਾ (ਪ੍ਰਧਾਨ), ਕਾਮਰੇਡ ਗੁਰਮੀਤ (ਜਨਰਲ ਸਕੱਤਰ), ਅਜਮੇਰ ਸਿੰਘ (ਮੀਤ ਪ੍ਰਧਾਨ), ਡਾ. ਪਰਮਿੰਦਰ (ਸਹਾਇਕ ਸਕੱਤਰ) ਅਤੇ ਡਾ. ਰਘਬੀਰ ਕੌਰ (ਖਜ਼ਾਨਚੀ) ਚੁਣੇ ਗਏ।

ਇਸ ਚੋਣ ਦੇ ਪੂਰਵ ਸੈਸ਼ਨ ਵਿੱਚ ਪਿਛਲੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸ ਨੂੰ ਸਰਵਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਸਰਵਸੰਮਤੀ ਨਾਲ ਚੁਣੇ ਗਏ ਅਹੁਦੇਦਾਰਾਂ ਨੇ ਸਮੁੱਚੇ ਹਾਊਸ ਅਤੇ ਦੇਸ਼ ਭਗਤ ਯਾਦਗਾਰ ਹਾਲ ਦੇ ਦੇਸ਼- ਵਿਦੇਸ਼ ਤੱਕ ਜੁੜੇ ਵਡੇਰੇ ਪਰਿਵਾਰ ਨੂੰ ਵਿਸ਼ਵਾਸ਼ ਦੁਆਇਆ ਕਿ ਉਹ ਗ਼ਦਰ ਲਹਿਰ ਦੀ ਬੁਨਿਆਦੀ ਵਿਚਾਰਧਾਰਾ ਮਾਰਗ ਸੇਧ, ਧਰਮ ਨਿਰਪੱਖਤਾ ਅਤੇ ਜਮਹੂਰੀ ਕਦਰਾਂ ਕੀਮਤਾਂ ਉਪਰ ਦ੍ਰਿੜਤਾ ਨਾਲ ਪਹਿਰਾ ਦੇਣਗੇ। ਦੇਸ਼ ਭਗਤ ਕਮੇਟੀ ਆਪਣੀਆਂ ਗੌਰਵਮਈ ਰਵਾਇਤਾਂ ਨੂੰ ਭਵਿੱਖ ਵਿੱਚ ਬੁਲੰਦ ਕਰੇਗੀ।

ਜਨਰਲ ਬਾਡੀ ਦੀ ਅਗਲੀ ਮੀਟਿੰਗ 1 ਅਪ੍ਰੈਲ ਨੂੰ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਬੁਲਾਈ ਗਈ ਜਿਸ ਵਿੱਚ ਉਚੇਚੇ ਤੌਰ 'ਤੇ 21 ਅਪ੍ਰੈਲ ਨੂੰ ਮਨਾਏ ਜਾਣ ਵਾਲੇ ਗ਼ਦਰ ਪਾਰਟੀ ਸਥਾਪਨਾ ਦਿਹਾੜੇ ਅਤੇ 5 ਮਈ ਨੂੰ ਕਾਰਲ ਮਾਰਕਸ ਦੇ ਜਨਮ ਦਿਹਾੜੇ ਮੌਕੇ ਕੀਤੇ ਜਾਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਜਾਵੇਗੀ।

# ਨਸਰਾਲਾ ਸਕੂਲ ਵਿਚ ਹੋਏ 'ਵਿਸ਼ਵ ਜਲ ਦਿਵਸ' ਤੇ ਡਰਾਇੰਗ ਮੁਕਾਬਲੇ

**ਨਸਰਾਲਾ-** ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਨਸਰਾਲਾ ਵਿਖੇ ਵਿਸ਼ਵ ਜਲ ਦਿਵਸ ਤੇ ਧਨੁਕਾ ਐਗਰੀਟੈੱਕ ਲਿਮੀਟਿਡ ਕੰਪਨੀ ਗੁੜਗਾਓਂ ਵਲੋਂ ਡਰਾਇੰਗ ਮੁਕਾਬਲੇ ਕਰਵਾਏ ਗਏ। ਕੰਪਨੀ ਦੇ ਡਿਪਟੀ ਮੈਨੇਜ਼ਰ ਸ਼੍ਰੀ ਰਾਮ ਕੁਮਾਰ ਦੁਬੇ ਅਤੇ ਸ਼੍ਰੀ ਰਮਨ ਕੁਮਾਰ ਸੇਲਜ਼ ਅਫਸਰ ਨੇ ਦੱਸਿਆ ਕਿ ਮਨੁਖ ਦੀਆਂ ਆਪ ਹੁਦਰੀਆਂ ਕਾਰਨ ਧਰਤੀ ਹੇਠਲੇ ਪਾਣੀ ਦਾ ਸਤਰ ਦਿਨੋ ਦਿਨ ਨੀਵਾਂ ਹੁੰਦਾ ਜਾ ਰਿਹਾ ਹੈ। ਹੁਣ ਤਾਂ ਪਾਣੀ ਪੀਣ ਯੋਗ ਵੀ ਨਹੀਂ ਰਿਹਾ।ਕੁਦਰਤ ਦੀ ਇਸ ਅਨਮੋਲ ਦਾਤ ਜਿਸ ਸਦਕਾ ਧਰਤੀ ਤੇ ਸਾਡਾ ਜੀਵਨ ਸੰਭਵ ਹੋਇਆ ਨੂੰ ਅਸੀਂ ਪ੍ਰਦੂਸ਼ਿਤ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਕੰਪਨੀ ਨੇ ਪਾਣੀ ਦੀ



ਮਹੱਤਤਾ ਨੂੰ ਦੇਖਦਿਆਂ ਸਕੂਲਾਂ ਦੇ ਵਿਦਿਆਰਥੀਆਂ ਵਿਚ ਚੇਤਨਾ ਪੈਦਾ ਕਰਨ ਲਈ ਡਰਾਇੰਗ ਮੁਕਾਬਲੇ ਕਰਵਾਉਣੇ ਸ਼ੁਰੂ ਕੀਤੇ ਹਨ।ਨਸਰਾਲਾ ਸਕੂਲ ਦੇ ਵਿਦਿਆਰਥੀਆਂ ਨੇ ਬੜੀ ਸ਼ਿਦਤ ਨਾਲ ਇਸ ਮੁਕਾਬਲੇ ਵਿਚ ਹਿੱਸਾ ਲਿਆ। ਮੁਕਾਬਲੇ ਵਿਚੋਂ ਪਹਿਲਾ ਸਥਾਨ ਵਿਦਿਆਰਥੀ ਮਨਜੀਤ ਸਿੰਘ, ਦੂਜਾ ਸਥਾਨ ਆਯੂਸ਼ੀ ਅਤੇ ਤੀਜਾ ਸਥਾਨ ਅਨੀਸ਼ਾ ਨੇ ਪ੍ਰਾਪਤ ਕੀਤਾ। ਇਹਨਾਂ ਵਿਦਿਆਰਥੀਆਂ ਨੂੰ ਕ੍ਰਮਵਾਰ 2000, 1000 ਅਤੇ 500 ਰੁਪਏ ਦੇ ਨਕਦ ਇਨਾਮ ਦੇ ਕੇ ਕੰਪਨੀ ਨੇ ਸਨਮਾਨਿਤ ਕੀਤਾ। ਪ੍ਰਿੰਸੀ. ਸ਼੍ਰੀ ਕਰਨ ਸ਼ਰਮਾ ਨੇ ਇਸ ਉਪਰਾਲੇ ਲਈ ਕੰਪਨੀ ਦਾ ਧੰਨਵਾਦ ਕਰਦਿਆਂ ਸਨਮਾਨਿਤ ਵਿਦਿਆਰਥੀਆਂ ਨੂੰ ਸ਼ਾਬਾਸ਼ ਵੀ ਦਿੱਤੀ।ਇਸ ਮੌਕੇ ਲੈਕ. ਕੁਲਵਿੰਦਰ ਸਿੰਘ, ਬਲਵੀਰ ਚੰਦ, ਸੁਖਦੇਵ ਸਿੰਘ, ਸੰਜੀਤ, ਗੁਰਦਰਸ਼ਨ ਕੌਰ, ਡਾ. ਜਸਵੰਤ ਰਾਏ, ਰਵਿੰਦਰ ਕੁਮਾਰ, ਸੁਰੇਸ਼ ਕੁਮਾਰ, ਰਵਿੰਦਰ ਕੁਮਾਰ, ਗੁਰਮਿੰਦਰ ਕੌਰ, ਕਮਲੇਸ਼ ਰਾਣੀ, ਮੰਜੂ ਅਰੋੜਾ, ਪਰਮਿੰਦਰ ਕੌਰ, ਸੁਰਿੰਦਰ ਕੌਰ, ਗੁਰਦੀਪ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।

# ਸਵਾਲਾਂ ਤੋਂ ਬਚ ਕੇ 'ਫਿਰਕਾਪ੍ਰਸਤੀ' ਨੂੰ ਸਵਾਲ ਨਹੀ ਬਣਾ ਸਕਦੇ



ਰਵੀਸ਼ ਕੁਮਾਰ
Email: ravish@ndtv.com

ਯੂ. ਪੀ. 'ਚ ਭਾਜਪਾ ਦੀ ਬੇਮਿਸਾਲ ਜਿੱਤ ਨੂੰ ਚੁਣੌਤੀ ਦੇਣ ਤੋਂ ਪਹਿਲਾਂ ਹਾਰ ਦੇ ਕਾਰਨਾਂ ਦੀ ਚੁਣੌਤੀ ਕਬੂਲਣ ਦਾ ਮਾਦਾ ਹੋਣਾ ਚਾਹੀਦਾ ਹੈ। ਭਾਜਪਾ ਦੀ ਜਿੱਤ ਦੇ ਵਿਸ਼ਲੇਸ਼ਣ ਹੋ ਰਹੇ ਹਨ, ਵਿਰੋਧੀਆਂ ਦੀ ਹਾਰ ਦੇ ਕਾਰਨਾਂ ਦੀ ਚੁਣੌਤੀ ਦਾ ਮਾਦਾ ਵੀ ਹੋਣਾ ਚਾਹੀਦਾ ਹੈ। ਜੇ ਭਾਜਪਾ ਨੇ ਫਿਰਕੂ ਹਵਾ ਦੇ ਜ਼ੋਰ ਨਾਲ ਜਿੱਤ ਹਾਸਿਲ ਕੀਤੀ ਹੈ ਤਾਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਇਸ ਹਵਾ ਦੇ ਵਿਰੁੱਧ ਮਾਇਆਵਤੀ, ਅਖਿਲੇਸ਼ ਤੇ ਰਾਹੁਲ ਗਾਂਧੀ ਨੇ ਕੀ ਕੀਤਾ। ਕੀ ਭਾਜਪਾ ਨੇ ਇਨ੍ਹਾਂ ਤਿੰਨਾਂ ਨੇਤਾਵਾਂ ਨੂੰ ਕਿਹਾ ਸੀ ਕਿ ''ਅਸੀਂ ਫਿਰਕਾਪ੍ਰਸਤੀ ਫੈਲਾਵਾਂਗੇ, ਤੁਸੀਂ ਚੁੱਪ ਰਹਿਣਾ।''

ਫਿਰਕਾਪ੍ਰਸਤੀ ਨਾਲ ਲੜਨ ਦਾ ਦਾਅਵਾ ਕਰਨ ਵਾਲੀਆਂ ਤਿੰਨਾਂ ਪਾਰਟੀਆਂ ਨੂੰ ਭਾਜਪਾ ਨੇ ਹਰਾਇਆ ਹੈ। ਇਨ੍ਹਾਂ ਪਾਰਟੀਆਂ ਨੇ ਲੜਾਈ ਕਿਵੇਂ ਲੜੀ, ਇਸ ਸਵਾਲ 'ਤੇ ਹੀ ਟਿਕੇ ਰਹਾਂਗੇ ਤਾਂ ਭਾਜਪਾ ਦੀ ਜਿੱਤ ਨਾਲੋਂ ਜ਼ਿਆਦਾ ਇਨ੍ਹਾਂ ਦੀ ਹਾਰ ਦੇ ਕਾਰਨਾਂ ਨੂੰ ਸਮਝ ਸਕਾਂਗੇ। ਭਾਜਪਾ ਦੀ ਜਿੱਤ ਪ੍ਰਤੀ ਬੁਰੀ ਧਾਰਨਾ ਰੱਖਣਾ ਠੀਕ ਨਹੀਂ। 10 ਸਾਲਾਂ ਤੋਂ ਲੋਕ ਸਪਾ ਅਤੇ ਬਸਪਾ ਨੂੰ ਪੂਰਨ ਬਹੁਮਤ ਦੇ ਕੇ ਸਰਵ-ਸਮਾਜੀ ਹੋਣ ਦਾ ਮੌਕਾ ਦੇ ਰਹੇ ਸਨ।

ਇਨ੍ਹਾਂ ਪਾਰਟੀਆਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ 10 ਸਾਲਾਂ ਦੀ ਸੱਤਾ ਦੌਰਾਨ ਦੋਹਾਂ ਨੇ ਅਜਿਹਾ ਕਿਹੜਾ ਸਮਾਜ ਬਣਾਇਆ, ਜੋ ਸਿਰਫ ਬਿਜਲੀ ਅਤੇ ਕਬਰਿਸਤਾਨ ਦੀਆਂ ਅਫਵਾਹਾਂ ਨਾਲ ਡਗਮਗਾ ਗਿਆ। ਬਿਹਾਰ 'ਚ ਤਾਂ ਗਊ ਦੇ ਮੁੱਦੇ 'ਤੇ ਭਾਵੁਕਤਾ ਦਾ ਜਨੂੰਨ ਪੈਦਾ ਕਰਨ ਦੀ ਕੋਸ਼ਿਸ਼ ਹੋਈ ਪਰ ਕਾਮਯਾਬੀ ਨਹੀਂ ਮਿਲ ਸਕੀ। ਕਿਉਂ ਨਹੀਂ ਮਿਲ ਸਕੀ? ਆਸਾਮ 'ਚ ਤਾਂ ਗਊ ਦਾ ਮੁੱਦਾ ਰੁਕ ਹੀ ਗਿਆ ਤੇ ਯੂ. ਪੀ. 'ਚ ਬੁੱਚੜਖਾਨੇ ਬੰਦ ਹੋਣ ਤੋਂ ਇਲਾਵਾ ਗੰਭੀਰ ਰੂਪ 'ਚ ਕੋਈ ਜ਼ਿਕਰ ਹੀ ਨਹੀਂ ਹੋਇਆ।

ਉਸੇ ਯੂ. ਪੀ. ਦੇ ਲੋਕ 10 ਸਾਲਾਂ ਤੋਂ ਭਾਜਪਾ ਨੂੰ ਭੁੱਲੀ ਬੈਠੇ ਸਨ। ਉਸ ਤੋਂ ਠੀਕ ਪਹਿਲਾਂ ਸੂਬਾ ਬਾਬਰੀ ਮਸਜਿਦ ਕਾਂਡ ਦੇ ਜਨੂੰਨ 'ਚ ਫਸਿਆ ਹੋਇਆ ਸੀ ਪਰ ਲੋਕ ਉਸ 'ਚੋਂ ਨਿਕਲ ਕੇ ਸਪਾ, ਬਸਪਾ ਨੂੰ ਵੋਟਾਂ ਦੇ ਰਹੇ ਸਨ, ਫਿਰ ਉਸ ਦੀ ਜਾਤਵਾਦੀ ਪਛਾਣ ਕਿਵੇਂ ਬਣ ਗਈ? ਜੇ ਬਸਪਾ ਤੇ ਸਪਾ ਨੇ ਜਾਤਵਾਦ ਦੀ ਸਿਆਸਤ ਨਹੀਂ ਕੀਤੀ ਤਾਂ ਉਨ੍ਹਾਂ ਨੇ ਇਸ਼ਤਿਹਾਰ ਦੇ ਕੇ, ਬਿਆਨ ਦੇ ਕੇ ਜਾਂ ਆਪਣੇ ਕਾਡਰ ਨੂੰ ਘਰ-ਘਰ ਘੁਮਾ ਕੇ ਕਿਉਂ ਨਹੀਂ ਦੱਸਿਆ ਕਿ ਇਹ ਸੱਚ ਨਹੀਂ ਹੈ।

ਅਖਿਲੇਸ਼ ਯਾਦਵ ਨੇ ਕਿਉਂ ਇਸ਼ਤਿਹਾਰ ਨਹੀਂ ਦਿੱਤਾ ਕਿ ਯੂ. ਪੀ. ਦੇ ਪੁਲਸ ਥਾਣਿਆਂ 'ਚ ਕਿੰਨੇ ਯਾਦਵ ਐੱਸ. ਐੱਚ. ਓ. ਹਨ ਤੇ ਕਿੰਨੇ ਹੋਰ? ਭਾਜਪਾ ਦੇ ਦੋਸ਼ ਸਹੀ ਹਨ ਜਾਂ ਗਲਤ, ਉਨ੍ਹਾਂ ਨੇ ਲੋਕਾਂ 'ਚ ਇਹ ਧਾਰਨਾ ਕਿਉਂ ਬਣਨ ਦਿੱਤੀ? ਜਦ ਜਵਾਬ ਨਹੀਂ ਦਿਓਗੇ ਤਾਂ ਲੋਕਾਂ ਨੂੰ ਲੱਗੇਗਾ ਕਿ ਦੋਸ਼ ਸਹੀ ਹਨ।

ਅਖਿਲੇਸ਼ ਯਾਦਵ ਨੂੰ ਕਾਇਦੇ ਨਾਲ ਸਾਰੀਆਂ ਨੌਕਰੀਆਂ ਦਾ ਹਿਸਾਬ ਦੇਣਾ ਚਾਹੀਦਾ ਸੀ ਅਤੇ ਦੱਸਣਾ ਚਾਹੀਦਾ ਸੀ ਕਿ ਕਿੰਨੇ ਯਾਦਵਾਂ ਨੂੰ ਨੌਕਰੀ ਮਿਲੀ ਹੈ। ਯਾਦਵਾਂ ਪ੍ਰਤੀ ਇਹ ਚਿੜ੍ਹ ਇਨ੍ਹਾਂ ਹੀ ਕਾਰਨਾਂ ਕਰਕੇ ਫੈਲਾਈ ਗਈ ਤੇ ਉਨ੍ਹਾਂ ਦੇ ਸਭ ਤੋਂ ਵੱਡੇ ਨੇਤਾ ਚੁੱਪ ਰਹੇ। ਯੂ. ਪੀ. ਏ. ਦੌਰਾਨ ਕਿਸੇ ਨੇਤਾ ਨੇ ਬਨਾਰਸ ਹਿੰਦੂ ਯੂਨੀਵਰਸਿਟੀ 'ਚ ਥੋਕ ਦੇ ਭਾਅ ਰਾਜਪੂਤ ਪ੍ਰੋਫੈਸਰਾਂ ਦੀ ਨਿਯੁਕਤੀ ਦਾ ਕਾਗਜ਼ ਦਿੱਤਾ ਸੀ। ਉਹ ਦੇਖ ਕੇ ਸਾਰੇ ਸੁੰਨ ਰਹਿ ਗਏ ਸਨ ਪਰ ਕਿਸੇ ਨੇ ਹੰਗਾਮਾ ਨਹੀਂ ਕੀਤਾ।

ਮਨਮੋਹਨ ਸਿੰਘ ਨੂੰ ਵੀ ਸ਼ਿਕਾਇਤ ਕੀਤੀ ਗਈ ਸੀ। ਕਾਗਜ਼ ਦੇਣ ਵਾਲਾ ਨੇਤਾ ਬ੍ਰਾਹਮਣ ਸੀ। ਉਹ ਹੰਗਾਮਾ ਕਰਦੇ ਤਾਂ ਰਾਜਪੂਤ ਉਨ੍ਹਾਂ ਨੂੰ ਵੋਟ ਨਾ ਦਿੰਦੇ। ਇਸ ਲਈ ਫਾਈਲ ਲੈ ਕੇ ਪੱਤਰਕਾਰਾਂ ਨਾਲ ਸੰਪਰਕ ਕਰ ਰਹੇ ਸਨ ਕਿ ਉਨ੍ਹਾਂ ਦਾ ਕੰਮ ਕੋਈ ਹੋਰ ਬੰਦਾ ਸੌਖਾ ਕਰ ਦੇਵੇ। ਯੂਨੀਵਰਸਿਟੀ 'ਚ ਇਸ ਦੀ ਜਾਂਚ ਤਾਂ ਹੁਣ ਵੀ ਹੋ ਸਕਦੀ ਹੈ। ਮੈਨੂੰ ਯਕੀਨ ਹੈ ਕਿ ਥਾਣਿਆਂ 'ਚ ਯਾਦਵਾਂ ਨੂੰ ਗਿਣਨ ਵਾਲੇ ਉੱਚ ਜਾਤ ਦੇ ਲੋਕ ਇਕ ਯੂਨੀਵਰਸਿਟੀ 'ਚ ਥੋਕ ਦੇ ਭਾਅ ਰਾਜਪੂਤ ਪ੍ਰੋਫੈਸਰਾਂ ਦੀ ਨਿਯੁਕਤੀ ਦਾ ਵੀ ਵਿਰੋਧ ਕਰਨਗੇ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਇਸ ਗੱਲ ਦੀ ਜਾਂਚ ਕਰ ਸਕਦੇ ਹਨ। ਕੀ ਪਤਾ ਕਾਗਜ਼ ਦੇਣ ਵਾਲਾ ਫਰਜ਼ੀ ਅੰਕੜੇ ਲੈ ਕੇ ਘੁੰਮ ਰਿਹਾ ਹੋਵੇ।

ਪਰ ਇਕ ਗਲਤ ਨੂੰ ਤੁਸੀਂ ਦੂਜੇ ਗਲਤ ਨਾਲ ਸਹੀ ਨਹੀਂ ਠਹਿਰਾ ਸਕਦੇ। ਅਖਿਲੇਸ਼ ਯਾਦਵ ਦੀ ਟੀਮ ਨੇ ਭਾਜਪਾ ਨੂੰ ਘੇਰਨ ਲਈ ਯੂ. ਪੀ. 'ਚ ਕੋਈ ਮਿਹਨਤ ਨਹੀਂ ਕੀਤੀ, ਕੋਈ ਨਵੇਂ ਤੱਥ ਪੇਸ਼ ਨਹੀਂ ਕੀਤੇ, ਭਾਜਪਾ ਦੇ ਦੋਸ਼ਾਂ ਅਤੇ ਕਥਿਤ ਤੌਰ 'ਤੇ ਫੈਲਾਈਆਂ ਅਫਵਾਹਾਂ ਦਾ ਤੱਥਾਂ ਨਾਲ ਮੁਕਾਬਲਾ ਨਹੀਂ ਕੀਤਾ। ਕੀ ਵਿਰੋਧੀ ਪਾਰਟੀਆਂ ਭਾਜਪਾ ਬਾਰੇ ਅਫਵਾਹ ਨਹੀਂ ਫੈਲਾਉਂਦੀਆਂ, ਕੀ ਉਹ ਹਮੇਸ਼ਾ ਸਹੀ ਗੱਲਾਂ ਹੀ ਕਰਦੀਆਂ ਹਨ?

ਮਾਇਆਵਤੀ ਕੋਲ ਜੇ ਮੀਡੀਆ ਨਹੀਂ ਸੀ ਤਾਂ ਕੇਡਰ ਸੀ। ਕਾਇਦੇ ਨਾਲ ਉਨ੍ਹਾਂ ਨੂੰ ਹਰੇਕ ਰੈਲੀ 'ਚ ਲੋਕਾਂ ਨੂੰ ਦੱਸਣਾ ਚਾਹੀਦਾ ਸੀ ਕਿ ਕਿਸ ਤਰ੍ਹਾਂ ਅਖਬਾਰਾਂ ਤੇ ਟੀ. ਵੀ. ਵਾਲੇ ਉਨ੍ਹਾਂ ਨੂੰ ਨਕਾਰ ਰਹੇ ਹਨ। ਅਜਿਹੇ ਕਿਹੜੇ ਸਵਾਲ ਹਨ, ਜਿਨ੍ਹਾਂ ਦੇ ਜਵਾਬ ਉਨ੍ਹਾਂ ਕੋਲ ਨਹੀਂ ਸਨ। ਜੇ ਮਾਇਆਵਤੀ ਖੁਦ ਯਤਨ ਕਰਦੀ ਤਾਂ ਅੱਜ ਉਨ੍ਹਾਂ ਕੋਲ ਬੋਲਣ ਲਈ ਹੁੰਦਾ ਕਿ ਕਿਹੜੇ-ਕਿਹੜੇ ਚੈਨਲ ਨੇ ਉਨ੍ਹਾਂ ਦੀ ਇੰਟਰਵਿਊ ਲਈ ਨਾਂਹ ਕੀਤੀ। ਰੈਲੀਆਂ 'ਚ ਬੋਲ-ਬੋਲ ਕੇ ਉਹ ਬਹਿਸ ਨੂੰ ਮੋੜ ਸਕਦੀ ਸੀ।

ਮੈਂ ਨਹੀਂ ਮੰਨਦਾ ਕਿ ਮੀਡੀਆ ਦੇ ਜ਼ਰੀਏ ਹੀ ਚੋਣ ਲੜੀ ਜਾ ਸਕਦੀ ਹੈ ਪਰ ਸਵਾਲਾਂ ਦਾ ਜਵਾਬ ਦਿੱਤੇ ਬਿਨਾਂ ਤੁਸੀਂ ਚੋਣ ਨਹੀਂ ਲੜ ਸਕਦੇ। ਜਾਂ ਤਾਂ ਜਵਾਬ ਮੀਡੀਆ ਦੇ ਜ਼ਰੀਏ ਦਿਓ ਜਾਂ ਆਪਣੇ ਕਾਡਰ ਦੇ ਜ਼ਰੀਏ। ਮਾਇਆਵਤੀ ਹਰ ਸਵਾਲ ਤੋਂ ਬਚ ਕੇ ਨਿਕਲ ਰਹੀ ਸੀ। ਉਨ੍ਹਾਂ ਨੂੰ ਦੱਸਣਾ ਚਾਹੀਦਾ ਸੀ ਅਤੇ ਹੁਣ ਵੀ ਦੱਸਣਾ ਚਾਹੀਦਾ ਹੈ ਕਿ ਕਿੰਨੇ ਜ਼ਿਲਾ ਮੁਖੀ ਜਾਟਵ ਹਨ, ਕਿੰਨੇ ਗੈਰ-ਜਾਟਵ ਦਲਿਤ, ਗੈਰ-ਯਾਦਵ ਓ. ਬੀ. ਸੀ. ਹਨ? ਕੀ ਇਹ ਗੱਲ ਗੰਭੀਰ ਨਹੀਂ ਹੈ ਕਿ ਮਾਇਆਵਤੀ ਨੇ ਵਾਲਮੀਕਿ ਸਮਾਜ ਦੇ ਇਕ ਵੀ ਨੇਤਾ ਨੂੰ ਟਿਕਟ ਨਹੀਂ ਦਿੱਤੀ? ਬਹੁਜਨ ਏਕਤਾ ਦੀ ਗੱਲ ਕਰਨ ਵਾਲਿਆਂ ਨੇ ਮਾਇਆਵਤੀ ਨੂੰ ਇਹ ਸਵਾਲ ਕਿਉਂ ਨਹੀਂ ਕੀਤਾ? ਕਿਉਂ ਨਹੀਂ ਪੁੱਛਿਆ ਕਿ ਕਸ਼ਯਪ ਅਤੇ ਮੌਰਿਆ ਭਾਈਚਾਰੇ ਦੀ ਨੁਮਾਇੰਦਗੀ ਕੌਣ ਕਰ ਰਿਹਾ ਹੈ? ਪਾਸੀ ਸਮਾਜ ਦਾ ਨੇਤਾ ਕੌਣ ਹੈ? ਜੇ ਹੈ ਤਾਂ ਉਸ ਨੂੰ ਲੋਕਾਂ ਤਕ ਪਹੁੰਚਾਉਣ ਦੀ ਕੋਸ਼ਿਸ਼ ਕਿਉਂ ਨਹੀਂ ਹੋਈ? ਕੀ ਬਸਪਾ ਸਮਰਥਕਾਂ ਨੇ ਵੀ ਅੱਖਾਂ ਮੀਚ ਕੇ ਇਸ ਨੂੰ ਜਾਟਵ ਪਾਰਟੀ ਦਾ ਅਕਸ ਨਹੀਂ ਬਣਨ ਦਿੱਤਾ, ਜਿਸ ਦਾ ਲਾਭ ਭਾਜਪਾ ਨੇ ਲਿਆ? ਬਸਪਾ ਬੰਦ ਕਮਰੇ ਦੀ ਪਾਰਟੀ ਬਣ ਗਈ ਤੇ ਕਾਡਰ ਵੀ ਇਹ ਕਹਿੰਦਾ ਨਜ਼ਰ ਆਇਆ ਕਿ ਫੀਡਬੈਕ ਕਿਸ ਨੂੰ ਦੇਈਏ ਅਤੇ ਕਿਵੇਂ ਦੇਈਏ, ਪਤਾ ਹੀ ਨਹੀਂ ਲੱਗਦਾ। ਭੈਣ ਜੀ ਸਾਹਮਣੇ ਸੱਚ ਕੌਣ ਬੋਲੇ? ਜੇ ਅਜਿਹਾ ਹੈ ਤਾਂ ਭੈਣ ਜੀ ਆਪਣੇ ਕਾਰਨਾਂ ਕਰਕੇ ਹਾਰੀ ਹੈ। ਕਈ ਥਾਵਾਂ ਤੋਂ ਸੁਣਨ ਨੂੰ ਮਿਲ ਰਿਹਾ ਹੈ ਕਿ ਜਾਟਵਾਂ ਨੇ ਵੀ ਭਾਜਪਾ ਨੂੰ ਰੱਜ ਕੇ ਵੋਟਾਂ ਪਾਈਆਂ ਕਿਉਂਕਿ ਮਾਇਆਵਤੀ ਨੇ ਤਾਂ 100 ਟਿਕਟਾਂ ਮੁਸਲਮਾਨਾਂ ਨੂੰ ਵੰਡ ਦਿੱਤੀਆਂ ਸਨ। ਜੇ ਇਹ ਗੱਲ ਜ਼ਰਾ ਵੀ ਸੱਚ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਵਰਕਰਾਂ ਤੇ ਨੇਤਾਵਾਂ ਦਰਮਿਆਨ ਅੰਬੇਡਕਰਵਾਦ ਕਮਜ਼ੋਰ ਹੋ ਗਿਆ ਹੈ। ਉਹ ਇਸ ਦੀ ਸਮਝ ਦੇ ਸਹਾਰੇ ਜ਼ਮੀਨ 'ਤੇ ਫਿਰਕਾਪ੍ਰਸਤੀ ਦਾ ਮੁਕਾਬਲਾ ਕਰਨ 'ਚ ਸਫਲ ਨਹੀਂ ਹੋ ਰਹੇ। ਉਨ੍ਹਾਂ ਦੀਆਂ ਦਲੀਲਾਂ ਢਹਿ-ਢੇਰੀ ਹੁੰਦੀਆਂ ਜਾ ਰਹੀਆਂ ਹਨ। ਸੱਤਾ ਲਈ ਹਰ ਸਮੇਂ 'ਟੈਕਟੀਕਲ' ਹੋਣ ਦੀ ਧੁਨ ਨੇ ਸੈਕੁਲਰਿਜ਼ਮ ਨੂੰ ਦੋਇਮ ਬਣਾ ਦਿੱਤਾ ਹੈ। ਜਦੋਂ ਤਕ ਸਮਾਜਿਕ ਪੱਧਰ 'ਤੇ ਧਰੁਵੀਕਰਨ ਵਿਰੁੱਧ ਸਮਝ ਨਹੀਂ ਬਣਦੀ, ਤੁਸੀਂ ਫੇਸਬੁੱਕ 'ਤੇ ਲਿਖ ਕੇ ਜਾਂ ਟਿਕਟ ਦੇ ਕੇ ਦਲਿਤ-ਮੁਸਲਿਮ ਏਕਤਾ ਨਹੀਂ ਬਣਾ ਸਕਦੇ।



ਦਲਿਤਾਂ ਦੇ ਫਿਰਕੂਕਰਨ ਨਾਲ ਖੁੱਲ੍ਹ ਕੇ ਲੜਨਾ ਪਵੇਗਾ ਤੇ ਇਹ ਲੜਾਈ ਬਸਪਾ ਨੂੰ ਲੜਨੀ ਪਵੇਗੀ। ਕੀ ਕਿਸੇ ਨੇ ਮਾਇਆਵਤੀ ਜਾਂ ਬਸਪਾ ਕਾਡਰ ਨੂੰ ਮੁਜ਼ੱਫਰਨਗਰ ਦੇ ਪਿੰਡਾਂ 'ਚ ਘੁੰਮ-ਘੁੰਮ ਕੇ ਦਲਿਤਾਂ ਨੂੰ ਸਮਝਾਉਂਦੇ ਦੇਖਿਆ ਹੈ ਕਿ ਫਿਰਕੂ ਨਹੀਂ ਬਣਨਾ ਹੈ। ਮੁਸਲਮਾਨ ਸਾਡੇ ਸਮਾਜਿਕ ਤੇ ਸਿਆਸੀ ਸਹਿਯੋਗੀ ਹਨ, ਉਹ ਵੀ ਨਾਗਰਿਕ ਹਨ। ਅਤਿ-ਪੱਛੜੇ ਵੀ ਬਹੁਜਨ ਸਮਾਜ ਦਾ ਹਿੱਸਾ ਹਨ। ਬਸਪਾ ਉਨ੍ਹਾਂ ਦੀ ਵੀ ਪਾਰਟੀ ਹੈ। ਕਿਸੇ ਇਕ ਪਾਰਟੀ 'ਚ ਕਿਸੇ ਇਕ ਜਾਤ ਦਾ ਗਲਬਾ ਕਿਵੇਂ ਹੋ ਸਕਦਾ ਹੈ। ਫਿਰ ਤਾਂ ਬਾਕੀ ਜਾਤਾਂ ਦੇ ਨੇਤਾ/ਵਰਕਰ ਬਾਹਰਲਾ ਰਸਤਾ ਦੇਖਣਗੇ ਹੀ।

ਹਰੇਕ ਸਵਾਲ ਨੂੰ ਅਫਵਾਹ, ਸੰਘ ਦੀ ਸਾਜ਼ਿਸ਼ ਦੱਸ ਕੇ ਤੁਸੀਂ ਭੱਜ ਨਹੀਂ ਸਕਦੇ। ਜਦੋਂ ਤਕ ਤੁਸੀਂ ਪੱਛਮ ਦੇ ਦਲਿਤਾਂ ਦੇ ਮਨ 'ਚ ਮੁਸਲਮਾਨਾਂ ਨੂੰ ਲੈ ਕੇ ਬਣੀਆਂ ਉਲਟ ਜਾਂ ਅਗਾਊਂ ਧਾਰਨਾਵਾਂ ਦਾ ਨਿਪਟਾਰਾ ਨਹੀਂ ਕਰੋਗੇ, ਉਦੋਂ ਤਕ ਗੱਲ ਨਹੀਂ ਬਣਨੀ। ਟਿਕਟਾਂ ਵੰਡ ਦੇਣ ਨਾਲ ਬਰਾਬਰੀ ਨਹੀਂ ਆਵੇਗੀ। ਮਾਇਆਵਤੀ ਕਦੇ ਯੂ. ਪੀ. ਦੇ ਪਿੰਡਾਂ, ਕਸਬਿਆਂ ਤਕ ਇਸ ਵਿਚਾਰਧਾਰਾ ਨੂੰ ਲੈ ਕੇ ਨਹੀਂ ਗਈ ਕਿ ਅਸੀਂ ਜਾਤਹੀਣ ਅਤੇ ਨਫਰਤ-ਮੁਕਤ ਸਮਾਜ ਲਈ ਲੜ ਰਹੇ ਹਾਂ।

ਭਾਈਚਾਰਾ ਕਿਸੇ ਸਮਾਜ ਦੇ ਉਹੋ ਜਿਹੇ ਨੇਤਾਵਾਂ ਦੇ ਦਮ 'ਤੇ ਨਹੀਂ ਬਣ ਸਕਦਾ, ਜਿਹੜੇ ਬਸਪਾ ਦੀਆਂ ਬੁਨਿਆਦੀ ਵੋਟਾਂ ਦੇ ਆਧਾਰ 'ਤੇ ਸਿਰਫ ਵਿਧਾਇਕ ਬਣਨ ਦਾ ਸੁਪਨਾ ਦੇਖਦੇ ਹਨ। ਮੌਕਾਪ੍ਰਸਤੀ ਨਾਲ ਫਿਰਕਾਪ੍ਰਸਤੀ ਨਹੀਂ ਜਾਵੇਗੀ। ਜਦੋਂ ਤਕ ਤੁਸੀਂ ਆਪਣੇ ਸਮਾਜਿਕ ਆਧਾਰ ਦੀ ਨਵਉਸਾਰੀ ਨਹੀਂ ਕਰੋਗੇ ਤਾਂ ਉਹ ਕਦੇ ਨਾ ਕਦੇ ਧਰਮ ਦੇ ਨਾਂ 'ਤੇ ਬਹਿਕੇਗਾ ਹੀ। ਬਸਪਾ ਨੂੰ ਬਹੁਜਨ ਬਣਨਾ ਪਵੇਗਾ, ਬਹੁਜਨ ਹੀ ਉਸ ਦਾ 'ਸਰਵਜਨ' ਹੈ।

ਬਸਪਾ ਨੂੰ ਕਾਡਰ ਦੀ ਪਾਰਟੀ ਕਿਹਾ ਜਾਂਦਾ ਹੈ। ਕੀ ਇਸ ਦੇ ਕਾਡਰ ਨੂੰ ਪਤਾ ਹੀ ਨਹੀਂ ਲੱਗਾ ਹੋਵੇਗਾ ਕਿ ਗੈਰ-ਜਾਟਵ ਅਤੇ ਜਾਟਵ ਘਰਾਂ 'ਚ ਕਿਹੋ ਜਿਹੇ ਪਰਚੇ ਪਹੁੰਚਾਏ ਜਾ ਰਹੇ ਹਨ? ਕੀ ਉਨ੍ਹਾਂ ਕੋਲ ਉਨ੍ਹਾਂ ਪਰਚਿਆਂ ਦਾ ਜਵਾਬ ਦੇਣ ਲਈ ਕੋਈ ਦਲੀਲਾਂ ਨਹੀਂ ਬਚੀਆਂ ਸਨ? ਕੀ ਅੰਬੇਡਕਰਵਾਦੀ ਅੰਦੋਲਨ ਸਿਰਫ ਫੇਸਬੁੱਕ ਅਤੇ ਵਟਸਐਪ 'ਤੇ ਹੀ ਰਹਿ ਗਿਆ ਹੈ? ਇਸ ਰਵਾਇਤ 'ਚ ਮਾਹਿਰ ਤਰਕਸ਼ੀਲ ਲੋਕਾਂ ਦੀ ਕੋਈ ਘਾਟ ਨਹੀਂ। ਜਾਂ ਤਾਂ ਇਹ ਲੋਕ ਬਸਪਾ ਲਈ ਅੱਗੇ ਨਹੀਂ ਆਏ ਜਾਂ ਫਿਰ ਬਸਪਾ ਨੇ ਇਨ੍ਹਾਂ ਨੂੰ ਅੱਗੇ ਨਹੀਂ ਆਉਣ ਦਿੱਤਾ। ਬਸਪਾ ਦੇ ਮੂਲ ਸਮਾਜਿਕ ਆਧਾਰ ਜਾਟਵਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਸਮਾਜਿਕ ਪੱਧਰ 'ਤੇ ਗੈਰ-ਜਾਟਵ ਦਲਿਤਾਂ ਨੂੰ ਅਪਣਾਇਆ ਹੈ ਜਾਂ ਆਪਣੇ ਤੋਂ ਦੂਰ ਕੀਤਾ ਹੈ?

ਬਹੁਜਨ ਨਾਂ ਦੀ ਸਿਆਸੀ ਧਾਰਨਾ ਸਮਾਜਿਕ ਪੱਧਰ 'ਤੇ ਬਣਾਇਆਂ ਨਹੀਂ ਬਣ ਸਕਦੀ। ਇਕ-ਅੱਧੀ ਵਾਰ ਬਣ ਵੀ ਗਈ ਤਾਂ ਟਿਕੇਗੀ ਨਹੀਂ। ਪਹਿਲਾਂ ਵੀ ਤਾਂ ਮਾਇਆਵਤੀ ਨੇ 80-80 ਟਿਕਟਾਂ ਦਿੱਤੀਆਂ ਹਨ ਪਰ ਆਪਣੀ ਹਰੇਕ ਰੈਲੀ 'ਚ ਬੋਲਦੀ ਨਹੀਂ ਸੀ। ਪਹਿਲੇ ਦਿਨ ਤੋਂ ਉਹ 100 ਟਿਕਟਾਂ ਦੇਣ ਦੀ ਗੱਲ ਕਰ ਰਹੀ ਹੈ। ਕੀ ਮਾਇਆਵਤੀ ਨੂੰ ਨਹੀਂ ਪਤਾ ਸੀ ਕਿ ਇਸ ਨਾਲ ਭਾਜਪਾ ਨੂੰ ਫਾਇਦਾ ਹੋ ਸਕਦਾ ਹੈ? ਕਿਸ ਨੇ ਕਿਹਾ ਸੀ ਕਿ ਬਾਹੂਬਲੀ ਵਾਲਾ ਅਕਸ ਰੱਖਣ ਵਾਲੇ ਮੁਖਤਾਰ ਅੰਸਾਰੀ ਨਾਲ ਸਮਝੌਤਾ ਕਰੋ? ਉਨ੍ਹਾਂ ਨੇ ਇਹ ਕਿਉਂ ਨਹੀਂ ਕਿਹਾ ਕਿ ਕਿੰਨੇ ਗੈਰ-ਜਾਟਵਾਂ ਨੂੰ ਟਿਕਟ ਦਿੱਤੀ ਹੈ, ਅਤਿ-ਪੱਛੜੇ ਵਰਗਾਂ ਨੂੰ ਟਿਕਟ ਦਿੱਤੀ ਹੈ? ਉਨ੍ਹਾਂ ਦੇ ਨੇਤਾਵਾਂ ਦੇ ਪੋਸਟਰ ਕਿੱਥੇ ਸਨ?

ਬਸਪਾ ਦੇ ਕਾਡਰ ਨੂੰ ਗ਼ੈਰ-ਜਾਟਵ ਦਲਿਤਾਂ ਤੇ ਗ਼ੈਰ-ਯਾਦਵ ਪੱਛੜਿਆਂ ਦੇ ਘਰ-ਘਰ ਜਾ ਕੇ ਪੁੱਛਣਾ ਚਾਹੀਦਾ ਹੈ ਕਿ ਉਹ ਮੁਸਲਮਾਨਾਂ ਬਾਰੇ ਕੀ ਸੋਚਦੇ ਹਨ? ਕਿਉਂ ਨਫਰਤ ਕਰਦੇ ਹਨ? ਫਿਰਕਾਪ੍ਰਸਤੀ ਦੀ ਲੜਾਈ ਉਥੇ ਜਾ ਕੇ ਲੜਨੀ ਪਵੇਗੀ। ਉਨ੍ਹਾਂ ਨੂੰ 'ਕੌਮ ਦੇ ਗੱਦਾਰ' ਕਹਿਣ ਦੀ ਗਲਤੀ ਨਹੀਂ ਹੋਣੀ ਚਾਹੀਦੀ। ਦੂਜੀ ਪਾਰਟੀ ਨੂੰ ਵੋਟ ਦੇਣਾ ਜਾਂ ਭਾਜਪਾ ਨੂੰ ਵੋਟ ਦੇਣਾ ਗੱਦਾਰੀ ਨਹੀਂ। ਜੇ ਟਿਕਟ ਦਿੱਤੀ ਹੈ ਤਾਂ ਉਸ ਨੂੰ 'ਡਿਫੈਂਡ' ਕਰਨ ਦੀਆਂ ਦਲੀਲਾਂ ਵੀ ਹੋਣੀਆਂ ਚਾਹੀਦੀਆਂ ਹਨ। ਮੁਸਲਮਾਨਾਂ ਨੂੰ ਵੀ ਖੁਦ ਤੋਂ ਪੁੱਛਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਮਾਜ ਦਾ ਇਕ ਤਬਕਾ ਇਸ ਨਜ਼ਰ ਨਾਲ ਕਿਉਂ ਦੇਖਦਾ ਹੈ? ਇਸ ਦੇ ਲਈ ਸਿਰਫ ਸੰਘ 'ਤੇ ਹੱਲਾ ਬੋਲਣ ਨਾਲ ਗੱਲ ਨਹੀਂ ਬਣਨੀ। ਉਨ੍ਹਾਂ ਨੂੰ ਲੋਕਾਂ ਦੇ ਘਰਾਂ 'ਚ ਜਾਣਾ ਚਾਹੀਦਾ ਹੈ, ਆਪਣੇ ਬਾਰੇ ਦੱਸਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਬੁਲਾਉਣਾ ਚਾਹੀਦਾ ਹੈ। ਕੀ ਉਨ੍ਹਾਂ ਵਲੋਂ ਸਮਾਜਿਕ ਰਿਸ਼ਤੇ ਬਣਾਉਣ ਦੇ ਯਤਨ ਨਹੀਂ ਹੋਏ? ਉਹ ਕਿਉਂ ਹਰੇਕ ਗੱਲ ਮੌਲਾਨਿਆਂ 'ਤੇ ਸੁੱਟ ਦਿੰਦੇ ਹਨ, ਜਿਨ੍ਹਾਂ ਦਾ ਮਕਸਦ ਸਰਕਾਰ ਨਾਲ ਸੈਟਿੰਗ ਕਰਨ ਤੋਂ ਇਲਾਵਾ ਹੋਰ ਕੁਝ ਹੁੰਦਾ ਹੀ ਨਹੀਂ? ਸਵਾਲ ਇਹ ਹੋਣਾ ਚਾਹੀਦਾ ਹੈ ਕਿ ਸੈਕੁਲਰ ਪਛਾਣ ਅਤੇ ਸਿਆਸਤ ਲਈ ਬਸਪਾ ਤੇ ਸਪਾ ਨੇ ਕੀ ਕੀਤਾ? ਕੀ ਦੋਹਾਂ ਨੇ ਉਨ੍ਹਾਂ ਕਾਰਨਾਂ ਦੀ ਪਛਾਣ ਕੀਤੀ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨਾਲ ਫਿਰਕੂ ਗੱਲਾਂ ਨੂੰ ਹਵਾ ਮਿਲਦੀ ਹੈ?

ਸੈਕੁਲਰਿਜ਼ਮ ਦੀ ਲੜਾਈ ਆਜ਼ਮ ਖਾਨ ਅਤੇ ਨਸੀਮੂਦੀਨ ਸਿੱਦੀਕੀ ਨੂੰ ਅੱਗੇ ਕਰ ਕੇ ਨਹੀਂ ਲੜੀ ਜਾ ਸਕਦੀ ਕਿਉਂਕਿ ਇਨ੍ਹਾਂ ਦੇ ਬਹੁਤ ਸਾਰੇ ਬਿਆਨ ਉਸੇ ਫਿਰਕਾਪ੍ਰਸਤੀ ਲਈ ਖੁਰਾਕ ਬਣ ਜਾਂਦੇ ਹਨ, ਜਿਸ ਵਿਰੁੱਧ ਲੜਨ ਦੀ ਉਮੀਦ ਕੀਤੀ ਜਾਂਦੀ ਹੈ। ਇਹ ਉਹ ਨੇਤਾ ਹਨ, ਜਿਹੜੇ ਆਪਣੇ ਭਾਈਚਾਰੇ ਦਰਮਿਆਨ ਭਾਸ਼ਣ ਦੇ ਕੇ ਫਿਰਕਾਪ੍ਰਸਤੀ ਨਾਲ ਲੜਦੇ ਹਨ, ਲੜਨ ਦੇ ਨਾਂ 'ਤੇ ਭਾਈਚਾਰਕ ਸਫਬੰਦੀ ਕਰਦੇ ਹਨ। ਇਹ ਵੀ ਕਦੇ ਆਪਣੇ ਭਾਈਚਾਰੇ ਤੋਂ ਬਾਹਰਲੇ ਭਾਈਚਾਰਿਆਂ 'ਚ ਜਾ ਕੇ ਇਸ ਦੇ ਖਤਰਿਆਂ ਬਾਰੇ ਗੱਲ ਨਹੀਂ ਕਰਦੇ। ਕੀ ਓਵੈਸੀ ਦੇਖ ਸਕੇ ਕਿ ਇਨ੍ਹਾਂ 10 ਵਰ੍ਹਿਆਂ ਦੀ ਸਿਆਸਤ 'ਚ ਬਸਪਾ ਜਾਂ ਸਪਾ ਦੀ ਟਿਕਟ 'ਤੇ ਵੱਡੀ ਗਿਣਤੀ 'ਚ ਮੁਸਲਮਾਨ ਵਿਧਾਇਕ ਬਣੇ ਹਨ? ਇਹ ਗਿਣਤੀ ਹੁਣ ਘਟ ਗਈ ਹੈ। ਕੀ ਕੋਈ ਇਸ ਗੱਲ ਲਈ ਆਲੋਚਨਾ ਕਰੇਗਾ ਕਿ ਭਾਜਪਾ ਦੀ ਟਿਕਟ 'ਤੇ ਜਿੱਤ ਕੇ ਆਏ 44 ਫੀਸਦੀ ਵਿਧਾਇਕ ਉੱਚੀਆਂ ਜਾਤਾਂ ਦੇ ਹਨ? ਕੀ ਇਹ ਜਾਤਵਾਦ ਨਹੀਂ ਹੈ? ਭਾਜਪਾ ਦੇ ਵਿਧਾਇਕਾਂ 'ਚ ਓ. ਬੀ. ਸੀ. ਦੀ ਨੁਮਾਇੰਦਗੀ ਵਧੀ ਹੈ ਪਰ ਇਨ੍ਹਾਂ ਦੇ ਆਉਣ ਨਾਲ ਬ੍ਰਾਹਮਣ, ਖੱਤਰੀ ਤੇ ਬਾਣੀਆ ਵਰਗ ਨੂੰ ਹੀ ਜ਼ਿਆਦਾ ਫਾਇਦਾ ਹੋਇਆ ਹੈ। (44 ਫੀਸਦੀ ਵਾਲੀ ਗੱਲ ਅਸ਼ੋਕਾ ਯੂਨੀਵਰਸਿਟੀ ਦੇ ਤ੍ਰਿਵੇਦੀ ਡਾਟਾ ਸੈਂਟਰ ਦੀ ਹੈ, ਜਿਸ ਬਾਰੇ ਸਚਰੋਲਲ.ਨਿ 'ਤੇ ਛਪਿਆ ਹੈ।)

ਲੋਕਾਂ ਨੇ ਬਸਪਾ ਤੇ ਸਪਾ ਦੀਆਂ ਕਮੀਆਂ ਕਾਰਨ ਵੀ ਭਾਜਪਾ ਨੂੰ ਵੋਟ ਦਿੱਤੀ ਹੈ। ਜੇ ਸਪਾ ਲੋਕਾਂ ਨੂੰ ਯਕੀਨ ਨਹੀਂ ਦਿਵਾ ਸਕੀ ਕਿ ਉਸ ਦੀ ਸਰਕਾਰ ਵੇਲੇ ਨੌਕਰੀਆਂ 'ਚ ਰਿਸ਼ਵਤ ਨਹੀਂ ਲਈ ਗਈ ਅਤੇ ਸਭ ਨੂੰ ਨੌਕਰੀਆਂ ਦਿੱਤੀਆਂ ਗਈਆਂ ਤਾਂ ਇਸ 'ਚ ਭਾਜਪਾ ਦੀ ਗਲਤੀ ਨਹੀਂ ਹੈ। ਜੇ ਸਪਾ ਤੇ ਕਾਂਗਰਸ ਦੇ ਨੇਤਾ ਲੋਕਾਂ ਨੂੰ ਇਹ ਨਹੀਂ ਦੱਸ ਸਕੇ ਕਿ 90 ਫੀਸਦੀ ਤੋਂ ਜ਼ਿਆਦਾ ਬਿਜਲੀ ਹਰ ਜਗ੍ਹਾ ਪਹੁੰਚਾਈ ਗਈ ਹੈ ਤਾਂ ਇਸ 'ਚ ਭਾਜਪਾ ਦੀ ਗਲਤੀ ਨਹੀਂ। ਸਪਾ ਤੇ ਬਸਪਾ ਕੋਲ ਸਿਆਸੀ ਮਨੁੱਖੀ ਸਾਧਨ ਵੀ ਹਨ ਤੇ ਆਰਥਿਕ ਸਾਧਨ ਵੀ। ਇਨ੍ਹਾਂ ਨਾਲੋਂ ਕਿਤੇ ਕਮਜ਼ੋਰ ਪਾਰਟੀਆਂ ਜਨਤਾ ਦਲ (ਯੂ) ਤੇ ਆਰ. ਜੇ. ਡੀ. ਅੱਜ ਵੀ ਬਿਹਾਰ 'ਚ ਹਨ। ਫਿਰ ਵੀ ਲਾਲੂ ਯਾਦਵ ਨੇ ਗੋਲਵਲਕਰ ਦੀ ਕਿਤਾਬ 'ਬੰਚ ਆਫ ਥਾਟਸ' ਨੂੰ ਲੈ ਕੇ ਸੰਘ ਨੂੰ ਘੇਰ ਲਿਆ।

ਇਨ੍ਹਾਂ ਨਾਲੋਂ ਕਿਤੇ ਜ਼ਿਆਦਾ ਸੰਘ ਨਾਲ ਲੋਹਾ ਰਾਹੁਲ ਗਾਂਧੀ ਨੇ ਲਿਆ, ਸਿੱਧਾ ਹਮਲਾ ਕੀਤਾ, ਕੋਰਟ-ਕਚਹਿਰੀ ਦਾ ਸਾਹਮਣਾ ਕੀਤਾ ਪਰ ਰਾਹੁਲ ਦੀ ਸਮੱਸਿਆ ਇਹ ਹੈ ਕਿ ਜੋ ਉਹ ਬੋਲਦੇ ਹਨ, ਉਹ ਉਨ੍ਹਾਂ ਦੇ ਨੇਤਾ ਨਹੀਂ ਬੋਲਦੇ ਅਤੇ ਜੋ ਨੇਤਾ ਬੋਲਦੇ ਹਨ ਉਹ ਰਾਹੁਲ ਨਹੀਂ ਬੋਲਦੇ। ਕਾਂਗਰਸ ਕੋਲ ਸਿਆਸੀ ਮਨੁੱਖੀ ਸਾਧਨ ਨਹੀਂ ਹਨ, ਜੋ ਰਾਹੁਲ ਦੀਆਂ ਗੱਲਾਂ ਨੂੰ ਲੋਕਾਂ ਤਕ ਪਹੁੰਚਾ ਸਕਣ। ਇਸੇ ਲਈ ਢਾਈ ਸਾਲਾਂ 'ਚ ਰਾਹੁਲ ਗਾਂਧੀ ਨੇ ਜਿਸ ਗਰੀਬ ਨੂੰ ਸਿਆਸੀ ਪੂੰਜੀ ਦੇ ਤੌਰ 'ਤੇ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ, ਉਸ ਨੂੰ ਭਾਜਪਾ ਨੇ ਆਸਾਨੀ ਨਾਲ ਹੜੱਪ ਲਿਆ। ਇਹ ਰਾਹੁਲ ਦੀ ਹੀ ਹਿੰਮਤ ਸੀ ਕਿ ਭੌਂ ਪ੍ਰਾਪਤੀ ਬਿੱਲ ਦਾ ਵਿਰੋਧ ਕੀਤਾ, ਸੂਟ-ਬੂਟ ਦਾ ਮਾਮਲਾ ਉਠਾਇਆ ਤੇ ਕਿਸਾਨਾਂ ਦੀ ਕਰਜ਼ਾ ਮੁਆਫੀ ਨੂੰ ਕੇਂਦਰ 'ਚ ਲਿਆਂਦਾ। ਇਸ 'ਚ ਕਮਾਲ ਨਰਿੰਦਰ ਮੋਦੀ ਦਾ ਹੈ। ਵਿਰੋਧੀ ਧਿਰ ਦੇ ਇਨ੍ਹਾਂ ਤਿੰਨਾਂ ਹਮਲਿਆਂ ਨੂੰ ਉਨ੍ਹਾਂ ਨੇ ਸਮਝ ਲਿਆ ਤੇ ਇਸ ਚੁਣੌਤੀ ਦਾ ਸਹੀ ਸਮੇਂ 'ਤੇ ਸਾਹਮਣਾ ਕੀਤਾ। ਯੂ. ਪੀ. ਦੀਆਂ ਚੋਣਾਂ ਤਕ ਆਉਂਦੇ-ਆਉਂਦੇ ਉਹ ਕਿਸਾਨਾਂ ਦੀ ਕਰਜ਼ਾ ਮੁਆਫੀ ਦਾ ਵਾਅਦਾ ਕਰਨ ਲੱਗੇ। ਹੁਣ ਗਰੀਬ ਕੇਂਦ੍ਰਿਤ ਸਿਆਸਤ ਦਾ ਲਾਭ ਇਹ ਹੋਵੇਗਾ ਕਿ ਕਿਸਾਨਾਂ ਦਾ ਕਰਜ਼ਾ ਮੁਆਫ ਹੋ ਜਾਵੇਗਾ। ਸ਼ੁਰੂਆਤ ਯੂ. ਪੀ. ਤੋਂ ਹੋਵੇਗੀ ਪਰ ਇਸ ਦਾ ਲਾਭ ਪੂਰੇ ਦੇਸ਼ ਦੇ ਕਿਸਾਨਾਂ ਨੂੰ ਮਿਲੇਗਾ। ਭਾਜਪਾ ਦੀ ਜਿੱਤ ਦਾ ਸਭ ਤੋਂ ਸੁਖਾਵਾਂ ਪਹਿਲੂ ਇਹੋ ਹੈ।

ਯੂ. ਪੀ. ਦੇ ਲੋਕਾਂ ਨੇ 2014 'ਚ ਭਾਜਪਾ ਨੂੰ ਲੱਗਭਗ ਸਾਰੇ ਸੰਸਦ ਮੈਂਬਰ ਦੇ ਕੇ ਬਸਪਾ ਤੇ ਸਪਾ ਨੂੰ ਸੰਕੇਤ ਦੇ ਦਿੱਤਾ ਸੀ ਕਿ ਉਨ੍ਹਾਂ ਨੂੰ ਕਿਹੜੇ ਸੁਧਾਰ ਕਰਨੇ ਚਾਹੀਦੇ ਹਨ ਪਰ ਦੋ ਸਾਲ ਹੋ ਗਏ, ਇਨ੍ਹਾਂ ਪਾਰਟੀਆਂ ਨੇ ਕੋਈ ਸਬਕ ਨਹੀਂ ਸਿੱਖਿਆ। ਗਾਇਤਰੀ ਪ੍ਰਜਾਪਤੀ ਦਾ ਬਚਾਅ ਕੀਤਾ ਪਰ ਸ਼ਿਵਪਾਲ ਨੂੰ ਕੱਢ ਦਿੱਤਾ। ਮੁਖਤਾਰ ਅੰਸਾਰੀ ਨੂੰ ਲਿਆਂਦਾ ਗਿਆ ਪਰ ਭਾਜਪਾ ਤੋਂ ਪੁੱਛਿਆ ਨਹੀਂ ਗਿਆ ਕਿ ਰਾਜਾ ਭਈਆ ਜਾਂ ਹੋਰ ਬਾਹੂਬਲੀਆਂ ਬਾਰੇ ਉਸ ਦੀ ਕੀ ਰਾਏ ਹੈ? ਇਕ ਬਾਹੂਬਲੀ ਹਿੰਦੂ ਹੋ ਕੇ ਰਾਸ਼ਟਰਵਾਦ 'ਚ ਖਪ ਗਿਆ ਤੇ ਦੂਜਾ ਬਾਹੂਬਲੀ ਮੁਸਲਮਾਨ ਹੋ ਕੇ ਫਿਰਕੂ ਬਣ ਗਿਆ।

ਇਹ ਦੌਰ ਭਾਜਪਾ ਦਾ ਹੈ, ਇਸ ਲਈ ਉਸ ਨਾਲ ਲੜਨ ਵਾਲਿਆਂ ਨੂੰ ਖੁਦ ਨੂੰ ਸੁਧਾਰਨਾ ਪਵੇਗਾ। ਭਾਜਪਾ ਤਾਂ ਨਰਿੰਦਰ ਕਸ਼ਯਪ ਨੂੰ ਵੀ ਆਪਣੇ ਪੱਖ 'ਚ ਲੈ ਸਕਦੀ ਹੈ, ਜਿਸ ਨੂੰ ਮਾਇਆਵਤੀ ਨੇ ਨੂੰਹ ਦੀ ਹੱਤਿਆ ਦੇ ਦੋਸ਼ ਹੇਠ ਜੇਲ ਜਾਣ ਕਾਰਨ ਪਾਰਟੀ 'ਚੋਂ ਕੱਢ ਦਿੱਤਾ ਸੀ। ਵਿਰੋਧੀ ਧਿਰ ਨੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਨਹੀਂ ਉਭਾਰਿਆ। ਭਾਜਪਾ ਨੇ ਵੀ ਸਾਰੇ ਜਾਤਵਾਦੀ ਸਮਝੌਤੇ ਕੀਤੇ ਹਨ। ਉਸ ਦੀ ਜਿੱਤ ਜਾਤਵਾਦ ਤੋਂ ਬਿਨਾਂ ਨਹੀਂ ਹੋਈ ਪਰ ਵਿਰੋਧੀਆਂ ਦੀ ਹਾਰ ਵੀ ਜਾਤਵਾਦ ਕਾਰਨ ਹੋਈ। ਭਾਜਪਾ ਦੇ ਜਾਤਵਾਦ 'ਚ ਸੰਤੁਲਨ ਹੈ।

ਮੁਲਾਇਮ ਸਿੰਘ ਯਾਦਵ ਦੇ ਪਰਿਵਾਰ 'ਚ ਕਿੰਨੇ ਲੋਕ ਵਿਧਾਇਕ ਬਣਨਗੇ? ਇਹ ਠੀਕ ਹੈ ਕਿ ਭਾਜਪਾ 'ਚ ਵੀ ਪਰਿਵਾਰਵਾਦ ਹੈ ਪਰ ਇਸ ਤਰ੍ਹਾਂ ਇਕੋ ਖਾਨਦਾਨ ਦੇ ਲੋਕ ਵਿਧਾਇਕ ਜਾਂ ਸੰਸਦ ਮੈਂਬਰ ਨਹੀਂ ਹਨ। ਲੋਕ ਇਕ ਹੱਦ ਤਕ ਬਰਦਾਸ਼ਤ ਕਰ ਲੈਂਦੇ ਹਨ, ਉਸ ਤੋਂ ਜ਼ਿਆਦਾ ਨਹੀਂ। ਜਿਸ ਤਰ੍ਹਾਂ ਲੋਕਾਂ ਨੇ ਸਪਾ ਨੂੰ ਬਰਦਾਸ਼ਤ ਕੀਤਾ, ਹੁਣ ਉਸੇ ਤਰ੍ਹਾਂ ਭਾਜਪਾ ਨੂੰ ਕਰ ਲੈਣਗੇ ਪਰ ਇਹ ਕਹਿਣਾ ਕਿ ਲੋਕਾਂ ਨੇ ਆਪਣਾ ਦਿਲ-ਦਿਮਾਗ ਸਭ ਕੁਝ ਭਾਜਪਾ ਨੂੰ ਦੇ ਦਿੱਤਾ, ਉਨ੍ਹਾਂ ਲੋਕਾਂ ਨਾਲ ਇਨਸਾਫ ਨਹੀਂ ਹੋਵੇਗਾ, ਜਿਹੜੇ ਸੀਮਤ ਬਦਲਾਂ 'ਚੋਂ ਇਕ ਖਰਾਬ ਦੀ ਬਜਾਏ ਦੂਜੇ ਖਰਾਬ ਨੂੰ ਚੁਣਨ ਲਈ ਮਜਬੂਰ ਹਨ।

ਇਸ ਸਮੇਂ ਲੋਕ ਭਾਜਪਾ ਦੀ ਅਨੈਤਿਕਤਾ ਤੇ ਉਸ ਦੇ ਸਮਝੌਤੇ ਨਹੀਂ ਦੇਖਣਾ ਚਾਹੁੰਦੇ, ਫਿਲਹਾਲ ਉਹ ਉਸ ਦੇ ਵਿਰੋਧੀਆਂ ਦੀ ਨੈਤਿਕਤਾ ਦਾ ਇਮਤਿਹਾਨ ਲੈਣਾ ਚਾਹੁੰਦੇ ਹਨ। ਵਿਰੋਧੀਆਂ ਨੂੰ ਆਪਣੇ ਕਰਮਾਂ ਦਾ ਹਿਸਾਬ ਦੇਣਾ ਪਵੇਗਾ। ਯੂ. ਪੀ. ਦੇ ਲੋਕਾਂ ਨੇ ਸਪਾ ਤੇ ਬਸਪਾ ਨੂੰ ਦੋ ਸਾਲਾਂ ਦਾ ਹੀ ਸਮਾਂ ਦਿੱਤਾ ਹੈ, 2019 ਬਹੁਤਾ ਦੂਰ ਨਹੀਂ।

ਇੰਨੇ ਗਰੇਸ ਅੰਕ ਤਾਂ ਕੋਈ ਵੀ ਕਿਸੇ ਪਾਰਟੀ ਨੂੰ ਨਹੀਂ ਦਿੰਦਾ। ਇਹ ਪਾਰਟੀਆਂ ਚਾਹੁਣ ਤਾਂ ਹੁਣ ਘੱਟ ਤੋਂ ਘੱਟ ਸਮੇਂ 'ਚ ਖੁਦ ਨੂੰ ਸੁਧਾਰ ਸਕਦੀਆਂ ਹਨ। ਮਿਲ ਕੇ ਨਹੀਂ ਲੜਨਗੀਆਂ ਤਾਂ ਲੜ ਕੇ ਖਿੱਲਰ ਜਾਣਗੀਆਂ। ਯਾਦਵ ਅਤੇ ਜਾਟਵ ਆਰਾਮ ਨਾਲ ਭਾਜਪਾ 'ਚ ਜਾ ਸਕਦੇ ਹਨ, ਇਸ ਲਈ ਇਨ੍ਹਾਂ ਨੇਤਾਵਾਂ ਨੂੰ ਵੀ ਇਹ ਸਭ ਬਕਵਾਸ ਭੁੱਲ ਕੇ ਇਕ ਹੋ ਜਾਣਾ ਚਾਹੀਦਾ ਹੈ ਕਿ ਜਾਟਵ ਤੇ ਯਾਦਵ ਇਕ-ਦੂਜੇ ਦੇ ਦੁਸ਼ਮਣ ਹਨ ਪਰ ਸਾਰੀ ਕੋਸ਼ਿਸ਼ ਸਿਰਫ ਭਾਜਪਾ ਨੂੰ ਹਰਾਉਣ ਲਈ ਹੋਵੇਗੀ ਤਾਂ ਇਹ ਸਾਰੇ ਮਿਲ ਕੇ ਵੀ ਹਾਰ ਜਾਣਗੇ।

ਸਵਾਲਾਂ ਦੇ ਜਵਾਬ ਪਹਿਲਾਂ ਦੇਣੇ ਪੈਣਗੇ, ਆਪਣੀਆਂ ਗਲਤੀਆਂ ਮੰਨਣੀਆਂ ਪੈਣਗੀਆਂ ਅਤੇ ਜੋ ਤੱਥ ਹਨ, ਉਨ੍ਹਾਂ ਨੂੰ ਲੈ ਕੇ ਘਰ-ਘਰ ਜਾਣਾ ਪਵੇਗਾ। ਦੂਜੀ ਗੱਲ ਭਾਜਪਾ ਦੀ ਸਫਲਤਾ 'ਚ ਕੇਂਦਰ ਸਰਕਾਰ ਦੇ ਕੰਮਾਂ ਨੂੰ ਅਣਡਿੱਠ ਨਹੀਂ ਕੀਤਾ ਜਾਣਾ ਚਾਹੀਦਾ। 'ਉੱਜਵਲਾ' ਅਤੇ 'ਆਵਾਸ ਯੋਜਨਾ' ਦੇ ਅਸਰ ਨੂੰ ਦੇਖਿਆ ਜਾਣਾ ਚਾਹੀਦਾ ਹੈ। ਸਿਰਫ ਹਵਾ ਨਾਲ ਲੋਕਾਂ 'ਚ ਹਵਾ ਨਹੀਂ ਬਣਦੀ।

### 15, ਮਾਰਚ 2017 ਦੇ ਬਹੁਜਨ ਸਮਾਜ ਦਿਵਸ ਦੇ ਮੌਕੇ 'ਤੇ

# ਸੱਤਾ ਸੰਘਰਸ਼ ਵਿੱਚੋਂ ਨਿਕਲਦੀ ਹੈ




1970 ਤੋਂ ਲੈ ਕੇ 1980 ਤਕ ਦੇ ਪੂਰੇ ਇਕ ਦਹਾਕੇ ਦਾ ਸਮਾਂ ਲਾ ਕੇ, ਸਾਹਿਬ ਕਾਂਸ਼ੀ ਰਾਮ ਅਤੇ ਉਹਨਾਂ ਦੇ ਸਾਥੀਆਂ ਨੇ ਜੀਅ ਤੋੜ ਮਿਹਨਤ ਕੀਤੀ ਅਤੇ ਭਾਰਤ ਦੇ ਕੋਨੇ-ਕੋਨੇ ਵਿੱਚ BAMCEF ਦਾ ਜਾਲ ਵਿਛਾਇਆ ਅਤੇ SC, ST, OBC ਅਤੇ Minorities ਦੇ ਕਰਮਚਾਰੀਆਂ ਨੂੰ ਲਾਮਬੰਦ ਕੀਤਾ। BAMCEF ਬਣਾਉਣ ਦੇ ਪਿੱਛੇ ਮੁੱਖ ਵਿਚਾਰਧਾਰਾ ਇਹ ਸੀ ਕਿ, "ਜਿਸ ਸਮਾਜ ਦੀਆਂ ਗੈਰ ਰਾਜਨੀਤਿਕ ਜੜਾਂ ਮਜ਼ਬੂਤ ਨਹੀਂ ਹੁੰਦੀਆਂ, ਉਹਨਾਂ ਦੀ ਰਾਜਨੀਤੀ ਕਾਮਯਾਬ ਨਹੀਂ ਹੋ ਸਕਦੀ"। ਇਸ ਤਰ੍ਹਾਂ ਗੈਰ ਰਾਜਨੀਤਿਕ ਜੜਾਂ ਨੂੰ ਮਜ਼ਬੂਤ ਕਰਨ ਤੋਂ ਬਾਦ, ਜੋ ਦੂਸਰੀ ਅਹਿਮ ਗੱਲ ਉਹਨਾਂ ਦੇ ਸਾਹਮਣੇ ਆਈ, ਉਹ ਸੀ ਕਿ, "Power will be the product of struggle", ਯਾਨੀ ਕਿ ਜੇਕਰ ਸਾਨੂੰ ਸੱਤਾ ਪ੍ਰਾਪਤ ਕਰਨੀ ਹੈ ਤਾਂ ਸਾਨੂੰ ਉਸਦੇ ਲਈ ਸੰਘਰਸ਼ ਕਰਨਾ ਪਵੇਗਾ। BAMCEF ਦੇ ਮੈਂਬਰ ਸਰਕਾਰੀ ਕਰਮਚਾਰੀ ਸਨ ਅਤੇ ਸਰਕਾਰੀ ਨਿਯਮਾਂ ਦੇ ਕਰਕੇ, ਉਨ੍ਹਾਂ ਉਪਰ ਕਿਸੇ ਵੀ ਤਰਾਂ ਦੇ ਸੰਘਰਸ਼ ਵਿਚ ਹਿੱਸਾ ਲੈਣ ਤੋਂ ਮਨਾਹੀ ਸੀ, ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਇਹ ਨਿਰਣਾ ਲਿਆ ਗਿਆ ਕਿ ਉਹਨਾਂ ਦੇ ਪਰਿਵਾਰਿਕ ਮੈਂਬਰਾ ਦੀ ਇਸ ਕੰਮ ਵਿਚ ਸਹਾਇਤਾ ਲਈ ਜਾ ਸਕਦੀ ਹੈ। ਸਰਕਾਰੀ ਨਿਯਮਾਂ ਅਨੁਸਾਰ, ਕਰਮਚਾਰੀਆਂ ਦੇ ਪਰਿਵਾਰਿਕ ਮੈਂਬਰਾ ਦੇ ਉੱਪਰ ਇਸ ਤਰਾਹ ਦੀ ਕੋਈ ਵੀ ਪਾਬੰਦੀ ਨਹੀਂ ਸੀ ਕਿ ਉਹ ਕਿਸੇ ਸੰਘਰਸ਼ ਵਿੱਚ ਹਿੱਸਾ ਨਾ ਲੈਣ। ਇਸ ਤਰਾਹ ਸੰਘਰਸ਼ ਦੀ ਇਸ ਮੁਹਿੰਮ ਨੂੰ ਸ਼ੁਰੂ ਕਰਨ ਲਈ, 6 ਦਸੰਬਰ 1981 ਨੂੰ ਨਵੀਂ ਦਿੱਲੀ ਵਿਖੇ "ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸੰਮਤੀ" ਨਾ ਦਾ ਇਕ ਨਵਾਂ ਸੰਗਠਨ ਬਣਾਇਆ ਗਿਆ, ਜਿਸ ਨੂੰ ਸੰਖੇਪ ਵਿੱਚ "DS-4" ਦਾ ਨਾਮ ਦਿੱਤਾ ਗਿਆ।

ਸਾਹਿਬ ਕਾਂਸ਼ੀ ਰਾਮ ਨੇ ਬਹੁਜਨ ਸਮਾਜ ਦੇ ਮਹਾਂਪੁਰਸ਼ਾ ਖਾਸ ਕਰਕੇ, ਮਹਾਤਮਾ ਜੋਤੀਬਾ ਫੂਲੇ, ਛਤ੍ਰਪਤੀ ਸ਼ਾਹੂ ਜੀ ਮਹਾਰਾਜ, ਨਾਰਾਇਣਾ ਗੁਰੂ, ਪੇਰੀਆਰ ਰਾਮਾਸਵਾਮੀ ਨਾਇਕਰ ਅਤੇ ਬਾਬਾ ਸਾਹਿਬ ਅੰਬੇਡਕਰ ਦੁਆਰਾ ਕੀਤੇ ਗਏ ਸੰਘਰਸ਼ ਦਾ ਕਾਫੀ ਡੂੰਘਾਈ ਨਾਲ ਅਧਿਐਨ ਕੀਤਾ ਅਤੇ ਉਹਨਾਂ ਤੋਂ ਸਬਕ ਲੈ ਕੇ, ਅੱਗੇ ਦੇ ਸੰਘਰਸ਼ ਦੀ ਰਣਨੀਤੀ ਬਣਾਈ। ਵੱਢੇ ਪੱਧਰ ਤੇ ਸੰਘਰਸ਼ ਛੇੜਨ ਵਾਸਤੇ, ਉਹਨਾਂ ਨੇ ਇਸਦੇ ਤਿੰਨ ਮੁੱਖ ਭਾਗ ਬਣਾਏ; ਜਾਗ੍ਰਿਤੀ ਜਨਤਾ, ਯੁਵਾ ਮੋਰਚਾ ਅਤੇ ਮਹਿਲਾ ਮੋਰਚਾ। ਇਹਨਾਂ ਵਿੱਚ ਵੱਢੇ ਪੱਧਰ ਤੇ ਮਿਸ਼ਨਰੀ ਗੀਤਕਾਰ, ਗਾਇਕਾ, ਨੁੱਕੜ ਨਾਟਕ ਕਰਨ ਵਾਲਿਆਂ ਜਿਹੇ ਸਮਾਜ ਦੇ ਲੋਕਾਂ ਦਾ ਸਹਿਯੋਗ ਲਿਆ ਗਿਆ ਅਤੇ ਮੂਲ ਨਿਵਾਸੀ ਬਹੁਜਨ ਸਮਾਜ ਨੂੰ ਜਾਗ੍ਰਿਤ ਕਰਨ ਦਾ ਕੰਮ ਕੀਤਾ ਗਿਆ। ਸਾਹਿਬ ਕਾਂਸ਼ੀ ਰਾਮ ਨੇ ਕਾਰਜਕਰਤਾਵਾਂ ਨੂੰ ਸਖ਼ਤ ਹਦਾਇਤ ਦਿੱਤੀ ਕਿ ਐਨੇ ਵੱਢੇ ਦੇਸ਼ ਵਿੱਚ, ਐਨੇ ਵੱਢੇ ਪੈਮਾਨੇ ਤੇ ਸੰਘਰਸ਼ ਕਰਨ ਵਾਸਤੇ, ਉਹਨਾਂ ਨੂੰ ਆਪਣੇ ਆਪ ਨੂੰ ਸੰਗਠਿਤ ਕਰਨਾ ਹੋਵੇਗਾ ਅਤੇ ਲਗਾਤਾਰ ਨਾ ਰੁਕਣ ਵਾਲੇ ਪ੍ਰੋਗਰਾਮਾਂ ਵਿੱਚ ਆਪਣੇ ਆਪ ਨੂੰ ਰੁੱਝਿਆ ਰੱਖਣਾ ਪਵੇਗਾ, ਤਦੇ ਹੀ DS-4 ਆਪਣੇ ਨਿਸ਼ਾਨੇ ਵਿਚ ਕਾਮਯਾਬੀ ਹਾਸਿਲ ਕਰ ਸਕੇਗਾ। ਉਹਨਾਂ SC, ST, OBC ਅਤੇ Minorities ਦੇ ਲੋਕਾਂ ਨੂੰ ਸੰਘਰਸ਼ ਵਾਸਤੇ ਤਿਆਰ ਕਰਨ ਲਈ, ਨਵੇਂ-ਨਵੇਂ ਤਰੀਕਿਆਂ ਨਾਲ ਪ੍ਰਯੋਗ ਕੀਤਾ ਅਤੇ ਪਹਿਲਾ ਵੱਡਾ ਪ੍ਰਯੋਗ ਸੀ, "ਜਨ-ਸੰਸਦ" ਦਾ। ਉਹਨਾਂ ਦਾ ਮੰਨਣਾ ਸੀ ਕਿ ਇਸ ਦੇਸ਼ ਵਿੱਚ ਮੂਲ ਨਿਵਾਸੀਆਂ ਨਾਲ ਜੁੜਿਆ ਮੁੱਦਿਆਂ ਉੱਤੇ ਕਦੇ ਕੋਈ ਚਰਚਾ ਨਹੀਂ ਹੁੰਦੀ ਹੈ, ਇਸ ਲਈ ਉਹਨਾਂ ਸਾਰਿਆਂ ਜਰੂਰੀ ਮੁੱਦਿਆਂ ਤੇ ਚਰਚਾ ਕਰਨ ਲਈ, ਉਹ ਮੂਲ ਨਿਵਾਸੀ ਸਮਾਜ ਵਿੱਚ ਜਾ ਕੇ, ਊਹਨਾਂ ਦੀ ਜਨ-ਸੰਸਦ ਕਰਵਾਉਣਗੇ, ਤਾਂ ਕਿ ਉਹਨਾਂ ਸਾਰੇ ਗੰਭੀਰ ਮਸਲਿਆਂ ਉੱਤੇ SC, ST, OBC ਅਤੇ Minorities ਦੇ ਲੋਕ ਖੁਦ ਚਰਚਾ ਕਰ ਸਕਣ, ਤਾਂ ਕਿ ਲੋਕਾਂ ਨੂੰ ਉਹਨਾਂ ਨਾਲ ਜੁੜੇ ਹੋਏ ਜਰੂਰੀ ਮਸਲਿਆਂ ਬਾਰੇ ਸਹੀ ਜਾਣਕਾਰੀ ਮਿਲ ਸਕੇ। 1982 ਦਾ ਸਾਲ ਸਾਹਿਬ ਕਾਂਸ਼ੀ ਰਾਮ ਦੇ ਜੀਵਨ ਵਿੱਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ, ਕਿਉਂਕਿ ਇਸ ਸਾਲ ਸਤੰਬਰ ਵਿੱਚ "ਪੂਨਾ ਪੈਕਟ" ਦੀ ਪੰਜਾਹਵੀਂ ਸਾਲਗਿਰਹ ਦੇ ਮੌਕੇ ਤੇ ਉਨਾਂ ਨੇ ਆਪਣੀ ਬਹੁ ਚਰਚਿਤ ਕਿਤਾਬ "ਚਮਚਾ ਯੁਗ" ਪ੍ਰਕਾਸ਼ਿਤ ਕਿੱਤੀ। ਇਸ ਵਿੱਚ ਪਹਿਲੀ ਬਾਰ "ਪੂਨਾ ਪੈਕਟ" ਕਰਕੇ SC,ST ਜਾਤੀਆਂ ਦੇ ਹੋਏ ਭਾਰੀ ਨੁਕਸਾਨ ਬਾਰੇ ਐਨੀ ਡੂੰਘਾਈ ਨਾਲ ਦੱਸਿਆ ਗਿਆ। ਬਾਬਾ ਸਾਹਿਬ ਅੰਬੇਡਕਰ ਵੱਲੋਂ ਅੰਗਰੇਜ਼ਾਂ ਕੋਲੋਂ ਪ੍ਰਾਪਤ ਕਿੱਤੇ ਗਏ "ਦੋਹਰੇ ਵੋਟ" ਦੇ ਅਧਿਕਾਰ ਨੂੰ ਕਿਵੇਂ ਗਾਂਧੀ ਜੀ ਅਤੇ ਉਹਨਾਂ ਦੇ ਸਾਥੀਆਂ ਨੇ ਜ਼ਬਰਦਸਤੀ ਉਹਨਾਂ ਤੋਂ ਖੋਇਆ ਅਤੇ ਉਹਨਾਂ ਨੂੰ "ਸੰਯੁਕਤ ਵੋਟ" ਦੇ ਸਮਝੌਤੇ ਤੇ ਦਸਤਖ਼ਤ ਕਰਨ ਲਈ ਮਜਬੂਰ ਕੀਤਾ, ਜਿਸ ਨੂੰ "ਪੂਨਾ ਪੈਕਟ" ਵਜੋਂ ਜਾਣਿਆ ਜਾਂਦਾ ਹੈ। ਇਸ ਕਰਕੇ ਉਨ੍ਹਾਂ ਨੇ ਵਿਧਾਨ ਸਭਾ ਅਤੇ ਲੋਕ ਸਭਾ ਵਿਖੇ SC ਅਤੇ ST ਦੇ ਚੁਣੇ ਜਾਣ ਵਾਲੇ ਮੈਂਬਰਾਂ ਨੂੰ 15%ਵਾਲੀ ਸਵਰਨ ਜਾਤੀਆਂ ਦਾ ਚਮਚਾ ਕਰਾਰ ਦਿੱਤਾ, ਜੋ ਕਿ ਉਹਨਾਂ ਦੇ ਇਸ਼ਾਰਿਆਂ ਤੇ ਨੱਚਣ ਵਾਲੇ ਲੋਗ ਸਨ, ਨਾ ਕੇ SC ਅਤੇ ST ਸਮਾਜ ਦੇ ਸਹੀ ਨੁਮਾਇੰਦੇ। 6 ਦਸੰਬਰ 1982 ਨੂੰ ਉਹਨਾਂ ਨੇ ਦੇਸ਼ ਦੇ ਪੰਜ ਕੋਨਿਆਂ ਤੋਂ ਦਿੱਲੀ ਲਈ ਸਾਈਕਲ ਯਾਤਰਾਵਾਂ ਸ਼ੁਰੂ ਕੀਤੀਆਂ, ਜਿਸ ਵਿੱਚੋਂ ਪਹਿਲੀ ਕੰਨਿਆ ਕੁਮਾਰੀ ਤੋਂ ਅਤੇ ਫਿਰ ਕਾਰਗਿਲ, ਕੋਹਿਮਾ, ਪੂਰੀ ਅਤੇ ਪੋਰਬੰਦਰ ਤੋਂ। ਪੂਰੇ ਦੇਸ਼ ਦੇ ਮੂਲ ਨਿਵਾਸੀ ਬਹੁਜਨ ਸਮਾਜ ਨੂੰ ਤਿਆਰ ਕਰਨ ਲਈ, ਇੰਨਾ ਸਾਈਕਲ ਯਾਤਰਾਵਾਂ ਨੇ ਲਗਭਗ 100 ਦਿਨਾਂ ਵਿੱਚ 50000 ਕਿਲੋਮੀਟਰ ਦਾ ਸਫ਼ਰ ਕਰਕੇ, 7000 ਛੋਟੀਆਂ-ਵੱਡੀਆਂ ਸਭਾਵਾਂ ਕੀਤੀਆਂ ਅਤੇ 10 ਕਰੋੜ ਲੋਕਾਂ ਤੱਕ ਆਪਣੀ ਗੱਲ ਪਹੁੰਚਾਈ। ਇਸ ਤੋਂ ਇਲਾਵਾ 15 ਮਾਰਚ 1983 ਤੋਂ ਉਹਨਾਂ ਬਹੁਜਨ ਸਮਾਜ ਨੂੰ ਇਕ "ਨਾ ਵਿਕਣ ਵਾਲਾ ਸਮਾਜ" ਬਣਾਉਣ ਲਈ ਦਿੱਲੀ ਤੋਂ ਲੱਗੇ ਹੋਏ ਸੂਬਿਆਂ ਵਿੱਚ 3500 ਕਿਲੋਮੀਟਰ ਲੰਬੀ ਸਾਈਕਲ ਯਾਤਰਾ ਸ਼ੁਰੂ ਕਿੱਤੀ। ਇਸ ਯਾਤਰਾ ਨੂੰ ਉਂਨਾਂ ਨੇ "ਦੋ ਪਹੀਆਂ ਅਤੇ ਦੋ ਪੈਰਾਂ ਦਾ "ਕਿਲੋਮੀਟਰਾਲ" ਦਾ ਨਾਮ ਦਿੱਤਾ ਅਤੇ ਇਸ ਦੁਆਰਾ ਉਹਨਾਂ ਆਪਣੇ ਸਮਾਜ ਨੂੰ ਵਿਕਣ ਦੀ ਆਦਤ ਛੱਡ ਕੇ, ਇਕ ਸਵੈਮਾਨ ਦਾ ਜੀਵਨ ਜਿਹਨਾਂ ਲਈ ਪ੍ਰੇਰਿਤ ਕੀਤਾ ਅਤੇ ਉਸ ਨੂੰ ਸਮਝਾਇਆ ਕਿ ਜਿਸ ਸਮਾਜ ਦੇ ਨੇਤਾ ਵਿਕਦੇ ਹੋਣ ਤਾਂ ਉਸਦਾ ਮਤਲਬ ਹੈ ਕਿ ਉਹ ਸਮਾਜ ਵਿਕਦਾ ਹੈ। ਅਗਰ ਸਮਾਜ ਨਾ ਵਿਕਣ ਵਾਲਾ ਹੋਵੇ ਤਾਂ ਉਸਦਾ ਨੇਤਾ ਵਿਕਣ ਦੀ ਕਦੇ ਹਿੰਮਤ ਨਹੀਂ ਕਰ ਸਕਦਾ। ਉਂਹਨਾਂ ਨੇ ਅੰਗਰੇਜ਼ੀ ਦੀ ਇੱਕ ਕਹਾਵਤ ਨੂੰ ਪ੍ਰਚਾਰਿਤ ਕੀਤਾ ਜੋ ਸੀ ਕਿ, "People get the leaders they deserve" ਲੋਕਾਂ ਨੂੰ ਇਹੋ ਜਿਹੇ ਆਗੂ ਮਿਲਦੇ ਨੇ, ਜਿਵੇਂ ਲੋਕ ਹੁੰਦੇ ਨੇ।



**ਸਤਵਿੰਦਰ ਮਦਾਰਾ**
**ਕੈਨੇਡਾ 639-317-4550**

ਸਾਹਿਬ ਕਾਂਸ਼ੀ ਰਾਮ ਸ਼ੁਰੂ ਤੋਂ ਹੀ ਅਨੋਖੇ ਅਤੇ ਜੋਸ਼ੀਲੇ ਨਾਰੇ ਦੇਣ ਵਾਸਤੇ ਵੀ ਜਾਣੇ ਜਾਂਦੇ ਸਨ ਅਤੇ DS-4 ਨੂੰ ਪੂਰੇ ਦੇਸ਼ ਵਿੱਚ ਇਕ ਪਹਿਚਾਣ ਦੇਣ ਲਈ, ਉਹਨਾਂ ਨੇ ਕਈ ਅਨੋਖੇ ਨਾਰੇ ਪ੍ਰਚਲਿਤ ਕਿੱਤੇ, ਜਿਹਨਾਂ ਵਿੱਚੋਂ ਇਕ ਬਹੁ ਚਰਚਿਤ ਨਾਰ੍ਹਾ ਸੀ, "ਠਾਕੁਰ, ਬਾਣੀਆਂ, ਬ੍ਰਾਹਮਣ ਛੋੜ; ਬਾਕੀ ਸਬ ਹੈ DS-4", ਜਿਸਦਾ ਮਤਲਬ ਸੀ ਕਿ ਇਨ੍ਹਾਂ 3 ਜਾਤਾਂ ਨੂੰ ਛੱਡ ਕੇ ਬਾਕੀ ਸਾਰੇ ਹੀ DS-4 ਦੇ ਲੋਗ ਸਨ। ਇਹ ਨਾਰ੍ਹਾ ਕਾਫੀ ਚਰਚਾ ਵਿੱਚ ਰਿਹਾ ਅਤੇ ਮਨੂੰਵਾਦੀ-ਬ੍ਰਾਹਮਣਵਾਦੀ ਮੀਡੀਆ ਨੇ ਇਸ ਨੂੰ ਤੋੜ-ਮਰੋੜ ਕੇ ਲੋਕਾਂ ਵਿਚ ਪ੍ਰਚਾਰਿਆ, ਕਿ "ਠਾਕੁਰ, ਬਾਣੀਆਂ, ਬ੍ਰਾਹਮਣ ਚੋਰ, ਬਾਕੀ ਸਬ ਹੈ DS-4" ਤਾਂ ਕਿ ਸਾਰੇ 15% ਲੋਕਾਂ ਵਿੱਚ DS-4 ਖ਼ਿਲਾਫ਼ ਨਫ਼ਰਤ ਫੈਲ ਜਾਏ ਅਤੇ ਉਹ ਲੋਗ ਇਸਦਾ ਵਿਰੋਧ ਕਰਨ। ਜਿਵੇਂ ਕਿ DS-4 ਨੂੰ ਬਣਾਉਣ ਦਾ ਮਕਸਦ ਮੁੱਖ ਤੌਰ ਤੇ ਸੰਘਰਸ਼ ਕਰਨਾ ਸੀ, ਤਾਂ ਕਿ ਉਹ ਮੂਲ ਨਿਵਾਸੀ ਬਹੁਜਨ ਸਮਾਜ ਲਈ ਇਕ ਤਾਕਤ ਪੈਦਾ ਕਰ ਸਕੇ, ਤਾਂ ਕਿ ਆਉਣ ਵਾਲੇ ਸਮੇਂ ਵਿੱਚ ਇਕ ਮਜ਼ਬੂਤ ਰਾਜਨੀਤੀ ਦੀ ਸ਼ੁਰੂਆਤ ਕੀਤੀ ਜਾ ਸਕੇ। ਇਸ ਦੀ ਤਾਕਤ ਨੂੰ ਅਜ਼ਮਾਉਣ ਲਈ, ਸਾਹਿਬ ਕਾਂਸ਼ੀ ਰਾਮ ਨੇ DS-4 ਨੂੰ ਇਕ ਸੀਮਿਤ ਤੌਰ ਤੇ ਜ਼ਮੀਨ ਤੇ ਭੀ ਉਤਾਰਿਆ ਅਤੇ ਹਰਿਆਣਾ ਵਿਚ ਪਹਿਲੀ ਬਾਰ ਚੋਣਾਂ ਲੜਿਆ। ਇਸ ਤੋਂ ਇਲਾਵਾ ਦਿੱਲੀ, ਹਿਮਾਚਲ ਪ੍ਰਦੇਸ਼, ਪੰਜਾਬ ਸਮੇਤ ਉੱਤਰੀ ਭਾਰਤ ਦੇ ਕੁਝ ਰਾਜਾਂ ਵਿੱਚ ਵੀ ਉਨ੍ਹਾਂ ਨੇ ਆਪਣੇ ਕੁਝ ਉਮੀਦਵਾਰ ਖੜੇ ਕੀਤੇ, ਤਾਂ ਕਿ ਉਹ ਜ਼ਮੀਨ ਤੇ ਕਿੱਤੇ ਗਏ ਆਪਣੇ ਹੁਣ ਤਕ ਦੇ ਕਿਲੋਮੀਟਰਮ ਦਾ ਨਤੀਜਾ ਦੇਖ ਸਕਣ ਅਤੇ ਇਸ ਗੱਲ ਦਾ ਅੰਦਾਜ਼ਾ ਲਾ ਸਕਣ ਕਿ ਭਵਿੱਖ ਵਿੱਚ ਬਹੁਜਨ ਸਮਾਜ ਰਾਜਨੀਤੀ ਵਿੱਚ ਉੱਤਰਨ ਲਈ ਕਿਸ ਹੱਦ ਤਕ ਤਿਆਰ ਹੋਇਆ ਹੈ। ਇਨ੍ਹਾਂ ਚੋਣਾਂ ਵਿੱਚ ਉਨ੍ਹਾਂ ਨੂੰ ਕੋਈ ਜ਼ਿਆਦਾ ਸਫਲਤਾ ਤਾਂ ਨਹੀਂ ਮਿਲੀ, ਪਰ ਉਹਨਾਂ ਇਸ ਗੱਲ ਨੂੰ ਮਹਿਸੂਸ ਕੀਤਾ ਕਿ SC ਦੀਆ ਜਾਤਾਂ ਨੂੰ ਪਹਿਲਾ ਅਧਾਰ ਬਣਾ ਕੇ ਅਤੇ ਉਸ ਤੋਂ ਬਾਦ ਉਹਨਾਂ ਨਾਲ OBC, Minorities ਅਤੇ ST ਦੀਆ ਜਾਤਾਂ ਨੂੰ ਜੋੜ ਕੇ, ਉਹ ਪਹਿਲੀ ਬਾਰ ਦੇਸ਼ ਵਿਖੇ, ਇਨ੍ਹਾਂ ਸਾਰੀਆਂ ਜਾਤਾਂ ਦੀ ਰਾਜਨੀਤੀ ਦੀ ਇਕ ਮਜ਼ਬੂਤ ਨੀਂਹ ਰੱਖ ਸਕਦੇ ਨੇ।

ਜਿੱਥੇ ਇੰਨਾ ਲਗਾਤਾਰ ਚਲਾਏ ਗਏ ਅੰਦੋਲਨਾਂ ਕਰਕੇ 6000 ਜਾਤਾਂ ਵਿੱਚ ਬਟੇ ਹੋਏ SC, ST, OBC ਅਤੇ Minorities ਦੀਆ ਜਾਤਾਂ ਵਿੱਚ ਭਾਰੀ ਜਾਗ੍ਰਿਤੀ ਆਈ, ਓਥੇ ਹੀ ਸਾਹਿਬ ਕਾਂਸ਼ੀ ਰਾਮ ਪੂਰੇ ਦੇਸ਼ ਅੰਦਰ ਦਬਾਏ ਹੋਏ ਸ਼ੋਸ਼ਿਤ ਸਮਾਜ ਦੀ ਆਵਾਜ਼ ਬਣ ਕੇ ਵੀ ਉਭਰੇ।

ਸਿਰਫ਼ ਭਾਰਤ ਹੀ ਨਹੀਂ, ਬਲਕਿ ਪੂਰੀ ਦੁਨੀਆਂ ਵਿੱਚ ਸਾਹਿਬ ਕਾਂਸ਼ੀ ਰਾਮ ਦਾ ਨਾਮ ਦਬਾਏ ਗਏ ਭਾਰਤ ਦੇ ਮੂਲ ਨਿਵਾਸੀ ਲੋਕਾਂ ਵਾਸਤੇ ਲੜਨ ਵਾਲੇ ਇਕ ਆਗੂ ਦੇ ਤੌਰ ਤੇ ਜਾਣਿਆ ਗਿਆ ਅਤੇ 2-8 ਦਸੰਬਰ 1982 ਨੂੰ ਜਾਪਾਨ ਵਿਖੇ ਹੋਣ ਵਾਲੇ ਭੇਦਭਾਵ ਦੇ ਖ਼ਿਲਾਫ਼, ਇਕ ਵਿਸ਼ਵ ਪੱਧਰੀ ਸੰਮੇਲਨ ਵਿੱਚ ਉਹਨਾਂ ਨੂੰ ਖਾਸ ਤੌਰ ਤੇ ਸੱਦਾ ਦਿੱਤਾ ਗਿਆ। ਉਹਨਾਂ ਨਾ ਸਿਰਫ਼ ਉਸ ਸੰਮੇਲਨ ਵਿੱਚ ਸ਼ਿਰਕਤ ਕਿੱਤੀ, ਬਲਕਿ ਉਥੇ ਆਪਣੇ ਵਿਚਾਰ ਰੱਖਦੇ ਹੋਏ, ਪੂਰੇ ਵਿਸ਼ਵ ਦੇ ਲੋਕਾਂ ਨੂੰ ਭਾਰਤ ਅੰਦਰ 15% ਵਾਲੇ ਆਰੀਆ ਮੂਲ ਦੇ ਲੋਕਾਂ ਵੱਲੋਂ 85% ਮੂਲ ਨਿਵਾਸੀ ਬਹੁਜਨ ਸਮਾਜ ਉੱਤੇ ਕਿੱਤੀ ਜਾਣ ਵਾਲੀ ਜ਼ੁਲਮ ਜ਼ਿਆਦਤੀ ਤੋਂ ਭੀ ਜਾਣੂ ਕਰਵਾਇਆ। ਇਸ ਤਰਾਹ ਅਸੀਂ ਦੇਖ ਸਕਦੇ ਹੈ ਕਿ ਸਾਹਿਬ ਕਾਂਸ਼ੀ ਰਾਮ ਨੇ DS-4 ਦੁਆਰਾ ਭਾਰਤ ਦੀਆ ਮੂਲ ਨਿਵਾਸੀ ਜਾਤਾਂ ਵਿੱਚ ਸੰਘਰਸ਼ ਕਰਨ ਦੀ ਬਹੁਤ ਵੱਢੀ ਚੇਤਨਾ ਪੈਦਾ ਕਿੱਤੀ ਅਤੇ ਉਹਨਾਂ ਵਿੱਚ ਇਕ ਨਵਾਂ ਜੋਸ਼ ਅਤੇ ਉਮੰਗ ਭਰ ਦਿੱਤੀ। ਉਹਨਾਂ ਨੂੰ ਲੱਗਣ ਲੱਗਾ ਕਿ ਹੁਣ ਉਹ 15% ਵਾਲੇ ਵਿਦੇਸ਼ੀ ਆਰੀਆ ਲੋਕਾਂ ਦੇ ਜ਼ੁਲਮ ਜ਼ਿਆਦਤੀ ਨੂੰ ਸਹਿਣ ਲਈ ਮਜਬੂਰ ਨਹੀਂ ਹਨ ਅਤੇ ਉਹ ਸੰਗਠਿਤ ਹੋ ਕੇ, ਇਨ੍ਹਾਂ ਜ਼ਾਲਮ ਲੋਕਾਂ ਖ਼ਿਲਾਫ਼, ਇਕ ਜ਼ੋਰਦਾਰ ਸੰਘਰਸ਼ ਛੇੜ ਸਕਣ ਦੀ ਸਥਿਤੀ ਵਿੱਚ ਪਹੁੰਚ ਚੁੱਕੇ ਸਨ।

SC, ST, OBC ਅਤੇ Minorities ਨੂੰ ਇਕ ਦੂਸਰੇ ਨਾਲ ਰਲ-ਮਿਲ ਕੇ, ਆਪਸੀ ਭੇਦਭਾਵ ਮਿਟਾ ਕੇ ਇਕ ਭਾਵੀ ਮਜ਼ਬੂਤ ਰਾਜਨੀਤਿਕ ਜ਼ਮੀਨ ਨੂੰ ਤਿਆਰ ਕਰਨ ਵਿੱਚ ਵੀ DS-4 ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਦੇਸ਼ ਦੇ ਸ਼ੋਸ਼ਿਤਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਉਂਦਾ ਹੈ ਕਿ "Power will be the product of struggle", ਜੇਕਰ ਅਸੀਂ ਇਸ ਦੇਸ਼ ਵਿੱਚ ਪਰਿਵਰਤਨ ਲਿਆਉਣਾ ਹੈ ਤਾਂ ਉਸ ਦੇ ਲਈ ਰਾਜਨੀਤਿਕ ਸੱਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਉਸ ਨੂੰ ਬਿਨਾ ਸੰਘਰਸ਼ ਕੀਤੀਆਂ ਕਦੇ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

# ਯੁੱਗ ਪਲਟਾਊ ਰਹਿਬਰ ਸਾਹਿਬ ਕਾਂਸ਼ੀ ਰਾਮ



**ਪੰਮੀ ਲਾਲੋ ਮਜਾਰਾ**
**91-95011-43755**

ਬਸਪਾ ਦੇ ਸੰਸਥਾਪਕ ਕਾਂਸੀ ਰਾਮ ਦੇ ਵਾਰੇ ਸਾਰਾ ਸੰਸਾਰ ਜਾਣਦਾ ਹੈ। ਬਾਵਾ ਸਾਹਿਬ ਡਾ ਭੀਮ ਰਾਉ ਦੇ ਕਾਫਲੇ ਨੂੰ ਮੰਜ਼ਿਲ ਏ ਮਕਸੂਦ ਪਹੁੰਚਾਉਣ ਵਾਲਾ ਸਾਹਿਬ ਕਰੋੜਾਂ ਦਲਿਤਾਂ ਦਾ ਮਸੀਹਾ ਤੇ ਕਹਿੰਦੇ ਕਹਾਉਂਦੇ ਸਿਆਸਤਦਾਨਾਂ ਦੀਆਂ ਜੜ੍ਹਾਂ ਹਿਲਾ ਕੇ ਰੱਖ ਦੇਣ ਵਾਲੇ ਇਸ ਸ਼ਖਸ ਨਾਲ ਉਹ ਬੇਖ਼ਬਰ ਕਹਾਣੀਆਂ ਜੁੜੀਆਂ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ ਜਿਨ੍ਹਾਂ ਬਾਰੇ ਸਮੁੱਚੇ ਸਮਾਜ ਦੇ ਲੋਕ ਨਹੀਂ ਜਾਣਦੇ।


### ਤੁਸੀਂ ਮੈਨੂੰ ਉੱਤਰ ਪਰਦੇਸ਼ ਛੱਡ ਦਿਉ ਤੇ ਮੈਂ ਤੁਹਾਨੂੰ ਆਂਧਰਾ ਛੱਡ ਦੇਵਾਂਗਾ

ਸਾਹਿਬ ਕਾਂਸੀ ਰਾਮ ਤੇ ਤੱਤਕਾਲੀ ਭਾਰਤ ਦੇ ਪ੍ਰਧਾਨ ਮੰਤਰੀ ਨਰਸਿਮਾ ਰਾਉ ਵਿਚਕਾਰ ਇੱਕ ਗੁਪਤ ਰਾਜਨੀਤਕ ਸਮਝੌਤਾ ਹੋਇਆ ਸੀ ਕਿ ਤੁਸੀਂ ਮੇਰੇ ਲਈ ਉੱਤਰ ਪਰਦੇਸ ਛੱਡ ਦਿਉ ਤੇ ਮੈਂ ਤੁਹਾਡੇ ਲਈ ਤੁਹਾਡਾ ਜੱਦੀ ਸੂਬਾ ਛੱਡ ਦਿੰਦਾ ਹਾਂ । ਇਸ ਰਾਜਨੀਤਕ ਸਮਝੌਤੇ ਦੇ ਤਹਿਤ ਦੋਵੇਂ ਆਗੂ ਨਹਿਰੂ ਦੀ ਸਿਆਸੀ ਵਿਰਾਸਤ ਦੀਆਂ ਜੜ੍ਹਾਂ ਨੂੰ ਉਜਾੜ ਕੇ ਰੱਖ ਦੇਣਾ ਚਾਹੁੰਦੇ ਸੀ। ਇਸੇ ਸਮਝੌਤੇ ਦੇ ਤਹਿਤ 24 ਜੂਨ1996 ਨੂੰ ਦੋਵਾਂ ਆਗੂਆਂ ਦੀ ਇਹ ਪਹਿਲੀ ਕੋਸ਼ਿਸ਼ ਸੀ। ਉਹਨਾਂ ਦੇ ਨਾਲ ਉਸ ਵੇਲੇ ਸ਼ਰਦ ਪਵਾਰ, ਸੀਤਾ ਰਾਮ ਕੇਸਰੀ ਤੇ ਦਵਿੰਦਰ ਦਿਵੇਦੀ ਵਰਗੇ ਧਨੰਤਰ ਆਗੂ ਵੀ ਮੌਜੂਦ ਸਨ।

### ਤੇ ਕਾਂਸੀ ਰਾਮ ਫੂਲਨ ਦੇਵੀ ਦੇ ਪਿੰਡ ਪੈਦਲ ਹੀ ਜਾ ਪਹੁੰਚੇ ਸੀ

ਜਦ ਫੂਲਨ ਦੇਵੀ ਬਹਿਨੋਈ ਪਿੰਡ ਦੇ ਗੁਨਾਹਗਾਰ ਠਾਕਰਾਂ ਨੂੰ ਮਾਰ ਕੇ ਆਪਣੀ ਇੱਜ਼ਤ ਦਾ ਬਦਲਾ ਲੈ ਕੇ ਫਰਾਰ ਹੋ ਗਈ ਸੀ ਤਾਂ ਕੁੱਝ ਹਫਤਿਆਂ ਬਾਅਦ ਸਤਨਾਮ ਸਿੰਘ ਨੂੰ ਨਾਲ ਲੈ ਕੇ ਟਰੇਨ ਦਾ ਸਫ਼ਰ ਕਰਕੇ ਮੱਧ ਪ੍ਰਦੇਸ਼ ਦੇ ਜੰਗਲਾਂ 'ਚੋਂ ਪੈਦਲ ਹੁੰਦੇ ਹੋਏ ਉਹਦੇ ਪਿੰਡ ਜਾ ਪਹੁੰਚੇ ਸੀ । ਉਸ ਤੋਂ ਬਾਅਦ ਪਿੰਡ ਦੇ ਹਾਲਾਤਾਂ ਦਾ ਜਾਇਜ਼ਾ ਲੈ ਕੇ ਚੁੱਪਚਾਪ ਪਿੰਡ 'ਚੋਂ ਨਿਕਲ ਗਏ ਸੀ। ਉਸ ਵੇਲੇ ਉੱਤਰ ਪਰਦੇਸ ਦਾ ਮੁੱਖ ਮੰਤਰੀ ਵੀ ਪੀ ਸਿੰਘ ਸੀ । ਉਹਦੀ ਸਰਕਾਰ ਦੇ ਅੱਗੇ ਫੂਲਨ ਦੇਵੀ ਦਾ ਆਤਮ ਸਮਰਪਣ (ਕੁੱਝ ਸ਼ਰਤਾਂ ਦੇ ਤਹਿਤ) ਕਰਵਾਉਣਾ ,ਸਾਰੀ ਯੋਜਨਾ ਦੀ ਸਾਜ਼ਿਸ਼ ਸਾਹਿਬ ਕਾਂਸੀ ਰਾਮ ਨੇ ਹੀ ਬਣਾਈ ਸੀ।

### ਲੋਕਾਂ ਨੇ ਕਹਿਣਾ ਕਾਂਸੀ ਰਾਮ ਪੈਸੇ ਲੈ ਕੇ ਬਹਿ ਗਿਆ





ਇੱਕ ਵਾਰ ਸਾਈਕਲ ਮਾਰਚ ਕਰਦਿਆਂ ਸਾਹਿਬ ਦੇ ਬੈਠਕ ਵਾਲੀ ਥਾਂ ਤੇ ਜਦ ਥੋੜ੍ਹੀ ਜਿਹੀ ਤਕਲੀਫ਼ ਹੋਈ ਤਾਂ ਉਹਨਾਂ ਨੇ ਨਾਲ ਸਾਈਕਲ ਮਾਰਚ ਕਰ ਰਹੇ ਡਾਕਟਰ ਹੰਸ ਰਾਜ ਚਾਹਿਲ ਨੂੰ ਕਿਹਾ ਕਿ ਵੇਖ ਤਾਂ ਤਕਲੀਫ਼ ਕਾਹਤੋਂ ਹੋ ਰਹੀ ਹੈ, ਤਾਂ ਹੰਸ ਰਾਜ ਨੇ ਸਾਹਿਬ ਨੂੰ ਸੁਚੇਤ ਕਰਦਿਆਂ ਕਿਹਾ ਕਿ ਜ਼ਖਮ ਬੈੱਡ ਸੋਲ ਦੀ ਤਰ੍ਹਾਂ ਹੈ ਤੇ ਤੁਹਾਨੂੰ 4-5 ਦਿਨ ਰੁਕ ਕੇ ਅਰਾਮ ਕਰਨਾ ਪੈਣਾ ਹੈ। ਸਾਹਿਬ ਦਾ ਜਵਾਬ ਸੀ ਕਿ ਜੇ ਕਾਂਸੀ ਰਾਮ 4-5 ਦਿਨ ਅਰਾਮ ਕਰਨ ਲੱਗ ਪਿਆ ਤਾਂ ਲੋਕਾਂ ਨੇ ਕਹਿਣਾ ਕਾਂਸੀ ਰਾਮ ਨੇ ਕਾਂਗਰਸ ਕੋਲੋਂ ਪੈਸੇ ਲੈ ਲਏ ਹੋਣੇ ਹਨ ਜਿਹੜਾ ਕਾਂਸੀ ਰਾਮ ਸਾਈਕਲ ਮਾਰਚ ਵਿੱਚੇ ਛੱਡ ਕੇ ਬਹਿ ਗਿਆ ਹੈ। ਕਾਂਸੀ ਰਾਮ ਨੇ ਆਪਣੇ ਜ਼ਖਮ ਤੇ ਆਪੇ ਟਿਊਬ ਲਾਈ ਤੇ ਸਾਈਕਲ ਚੁੱਕ ਕੇ ਅੱਗੇ ਵੱਧ ਗਏ।

### ਮਾਇਆਵਤੀ ਨਾ ਪਾਰਟੀ ਚਲਾਊ ਤੇ ਕੋਈ ਹੋਰ ਚਲਾ ਲਊ

22 ਅਪਰੈਲ 2001 ਨੂੰ ਜਦ ਕਾਂਸੀ ਰਾਮ ਨੇ ਲਖਨਊ ਦੀ ਰੈਲੀ ਚ ਮਾਇਆਵਤੀ ਨੂੰ ਆਪਣਾ ਉਤਰਾ ਅਧਿਕਾਰੀ ਐਲਾਨਿਆ ਤਾਂ ਉਹਨਾਂ ਦੇ ਕੋਲ ਬੈਠੇ ਇੱਕ ਸੰਸਦ ਮੈਂਬਰ ਨੇ ਸਾਹਿਬ ਦੇ ਕੰਨ ਵਿੱਚ ਕਿਹਾ ਕਿ ਕੀ ਮਾਇਆਵਤੀ ਪਾਰਟੀ ਨੂੰ ਚਲਾ ਲਊ , ਤਾਂ ਸਾਹਿਬ ਦਾ ਜਵਾਬ ਸੀ ਕਿ ਮਾਇਆਵਤੀ ਨਾ ਪਾਰਟੀ ਨੂੰ ਚਲਾਊ ਤੇ ਕੋਈ ਹੋਰ ਚਲਾ ਲਊ। ਨਾਲੇ ਮੈਨੂੰ ਕਿਹੜਾ ਕਿਸੇ ਨੇ ਕਿਹਾ ਸੀ ਕਿ ਪਾਰਟੀ ਬਣਾ ਤੇ ਚਲਾ।

### ਮੈਂ ਚਾਹੁੰਦਾ ਹਾਂ ਕਿ ਮੈਨੂੰ ਖਾੜਕੂ ਮਾਰ ਦੇਣ ਤੇ ਜਾਂ ਸਰਕਾਰ ਮਰਵਾ ਦੇਵੇ

1992 ਦੀਆਂ ਪੰਜਾਬ ਵਿਧਾਨ ਚੋਣਾਂ ਬੜੇ ਹੀ ਖਤਰਨਾਕ ਦੌਰ ਵਿੱਚ ਹੋ ਰਹੀਆਂ ਸੀ। ਅਕਾਲੀਆਂ ਦਾ ਬਾਈਕਾਟ ਸੀ ਤੇ ਖਾੜਕੂਆਂ ਦੇ ਡਰ ਦੀ ਵਜਾ ਕਰਕੇ ਸਭ ਸਿਆਸੀ ਪਾਰਟੀਆਂ ਚ ਸਹਿਮ ਸੀ। ਸਾਹਿਬ ਨੇ ਉਹਨਾਂ ਦਿਨਾਂ ਚ ਆਪਣੇ ਇੱਕ ਨਜਦੀਕੀ ਨੂੰ ਕਿਹਾ ਸੀ ਕਿ ਜਾਂ ਤਾਂ ਮੈਨੂੰ ਕੇਂਦਰ ਸਰਕਾਰ ਮਰਵਾ ਦੇਵੇ ਤੇ ਜਾਂ ਖਾੜਕੂ ਮਾਰ ਦੇਣ ਤਾਂ ਕਿ ਮੇਰਾ ਸਮਾਜ ਰੋਹ 'ਚ ਇਕੱਠਾ ਹੋਕੇ ਸੱਤਾ ਪ੍ਰਾਪਤ ਕਰ ਲਵੇ। ਉਹਨਾਂ ਦਿਨਾਂ ਚ ਸਾਹਿਬ ਨੇ ਸਕਿਊਰਟੀ ਲੈਣੀ ਵੀ ਬੰਦ ਕਰ ਦਿੱਤੀ ਸੀ। ਜਦ ਸਾਹਿਬ ਦੇ ਪੰਜਾਬ ਦੌਰੇ ਦੀਆਂ ਖ਼ਬਰਾਂ ਮੀਡੀਆ ਵਿੱਚ ਛਪਦੀਆਂ ਸਨ ਤਾਂ ਖ਼ੁਫ਼ੀਆ ਏਜੰਸੀਆਂ ਦੇ ਹੱਥ ਪੈਰ ਫੁੱਲ ਜਾਂਦੇ ਸਨ।

### ਤੇ ਸਾਹਿਬ ਨੇ 50 ਹਜ਼ਾਰ ਰੁਪਏ ਕੱਢ ਕੇ ਉਸ ਔਰਤ ਨੂੰ ਦੇ ਦਿੱਤੇ

1996 ਵਿੱਚ ਜਦ ਸਾਹਿਬ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਬਣੇ ਤਾਂ ਉਹਨਾਂ ਕੋਲ ਇੱਕ ਰੋਂਦੀ ਰੋਂਦੀ ਔਰਤ ਆਈ । ਸਾਹਿਬ ਨੂੰ ਉਸ ਔਰਤ ਨੇ ਦੱਸਿਆ ਕਿ ਉਸ ਦੇ ਪਤੀ ਦੇ ਦੋਵੇਂ ਗੁਰਦੇ ਫ਼ੇਲ੍ਹ ਹੋ ਚੁੱਕੇ ਹਨ ਤੇ ਉਹ ਇਲਾਜ ਕਰਵਾਉਣ ਤੋਂ ਅਸਮਰੱਥ ਹੈ।

ਸਾਹਿਬ ਨੇ ਕੋਲ ਬੈਠੇ ਤਤਕਾਲੀ ਏ ਡੀ ਸੀ ਜਗਜੀਤ ਸਿੰਘ ਤੋਂ ਪੁੱਛਿਆ ਕਿ ਕੀ ਆਪਾਂ ਸੰਸਦ ਕੋਟੇ ਵਿੱਚੋਂ ਇਸ ਔਰਤ ਦੀ ਕੋਈ ਮਦਦ ਕਰ ਸਕਦੇ ਹਾਂ ਤਾਂ ਉਹਨੇ ਕਿਹਾ ਕਿ ਸਾਹਿਬ ਜੀ ਆਪਾਂ ਸੰਸਦ ਕੋਟੇ 'ਚੋਂ ਕਿਸੇ ਦੀ ਪਰਸਨਲ ਮਦਦ ਨਹੀਂ ਕਰ ਸਕਦੇ। ਐਨਾ ਸੁਣਕੇ ਕਾਂਸੀ ਰਾਮ ਨੇ ਆਪਣਾ ਬੈਗ ਖੋਲਿਆ ਤੇ ਉਹਦੇ ਵਿੱ'ਚੋਂ ਸਾਰੇ ਦਾ ਸਾਰਾ 50 ਹਜ਼ਾਰ ਰੁਪਇਆ ਕੱਢ ਕੇ ਉਸ ਔਰਤ ਦੇ ਹੱਥ ਤੇ ਧਰ ਦਿੱਤਾ।

## ਸ਼ਹੀਦੀ ਦਿਨ 'ਤੇ ਵਿਸ਼ੇਸ਼

# ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਵਿਚਾਰਧਾਰਾ

## "ਅਧਿਆਤਮਵਾਦੀ ਨਹੀਂ, ਸਗੋਂ ਵਿਗਿਆਨਕ, ਸਮਾਜਵਾਦੀ-ਯਥਾਰਥਵਾਦੀ'



ਪ੍ਰੋ: ਐਚ. ਐਲ. ਕਪੂਰ
001- 916- 587-4002

ਭਾਰਤ ਇਕ ਮਹਾਨ ਦੇਸ਼ ਹੈ। ਇਹ ਜਦੋਂ ਵੀ ਆਪਣੇ ਆਜ਼ਾਦ ਹੋਣ ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਨ੍ਹਾਂ ਮਹਾਂ-ਪੁਰਸ਼ਾਂ ਸਾਹਮਣੇ ਝੁਕਦਾ ਹੈ, ਜਿਨ੍ਹਾਂ ਨੇ ਦੇਸ਼ ਪ੍ਰੇਮ ਦੇ ਰਾਹ 'ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਹੀ ਲਿਆ ਜਾਂਦਾ ਹੈ। ਸਾਰੇ ਦੇਸ਼ ਦਾ ਭ੍ਰਮਣ ਕਰਦਿਆਂ, ਅਸੀਂ ਅਕਸਰ ਲੋਕਾਂ ਦੇ ਘਰਾਂ ਵਿਚ ਮਹਾਂਪੁਰਸ਼ਾਂ ਦੀਆਂ ਤਸਵੀਰਾਂ 'ਤੇ ਝਾਤ ਮਾਰਦੇ ਹਾਂ ਤਾਂ ਉਨ੍ਹਾਂ ਵਿਚ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਵੀ ਇਕ ਹਨ। ਉਹ ਸਾਡੇ ਕੌਮ ਮਹਾਂ-ਨਾਇਕ ਹਨ, ਉਹਨਾਂ ਦਾ ਆਜ਼ਾਦੀ ਦੇ ਸੰਗਰਾਮ ਵਿਚ ਪਾਇਆ ਯੋਗਦਾਨ ਕਿਸੇ ਹੋਰ ਕੌਮੀ ਮਹਾਂ-ਨਾਇਕ, ਜਿਵੇਂ- ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਆਦਿ ਨਾਲੋਂ ਕਿਸੇ ਵੀ ਗੱਲੋਂ ਘੱਟ ਨਹੀਂ ਹੈ। ਸਗੋਂ ਉਹਨਾਂ ਦਾ ਰੁਤਬਾ ਇਹਨਾਂ ਕੌਮੀ ਮਹਾਂ ਨਾਇਕਾਂ ਦੇ ਬਰਾਬਰ ਹੀ ਬੁਲੰਦ ਹੈ। ਇਹਨਾਂ ਕੌਮੀ ਮਹਾਂ ਨਾਇਕਾਂ ਨੂੰ ਸਨਮਾਨ ਦੇਣਾ ਸਾਡੇ ਲਈ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਹਨਾਂ ਨੇ ਭਾਸ਼ਾ, ਖਿੱਤਾ ਤੇ ਧਰਮ ਤੋਂ ਉਪਰ ਉੱਠ ਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਲੋਕਾਂ ਨੂੰ ਆਜ਼ਾਦੀ ਲਈ ਜਾਗਰਿਤ ਕੀਤਾ, ਜੇਲ੍ਹ ਕੱਟੀਆਂ, ਅਨੇਕਾਂ ਸਰੀਰਕ ਕਸ਼ਟਾਂ ਨੂੰ ਝੱਲਿਆ ਨੂੰ ਝੱਲਿਆ ਤੇ ਫਾਂਸੀ ਦੇ ਰੱਸਿਆਂ ਨੂੰ ਮੁਸਕਰਾਉਂਦੇ ਹੋਏ ਤੇ ਭਾਰਤ ਦੀ ਆਜ਼ਾਦੀ ਲਈ ਲਲਕਾਰਦਿਆਂ ਹੋਇਆਂ, ਆਪਣੇ ਗਲੇ ਵਿਚ ਪਾਇਆ। ਇਸੇ ਲਈ ਹੀ ਤਾਂ ਇਹ ਸਮੁੱਚੀ ਭਾਰਤੀ ਜਨਤਾ ਦੇ ਕੌਮੀ ਮਹਾਂ-ਨਾਇਕ ਅਖਵਾਉਂਦੇ ਹਨ। ਇਹਨਾਂ ਦੇ ਮਾਣ-ਸਨਮਾਨ ਤੇ ਵਿਅਕਤੀਤਵ ਨੂੰ ਸਮੇਂ ਦੀ ਕੋਈ ਵੀ ਹਨੇਰੀ ਭਾਰਤ ਵਾਸੀਆਂ ਦੀ ਚੇਤਨਾ 'ਚੋਂ ਧੁੰਦਲਾ ਕਰ ਸਕਣ ਦੇ ਅਸਮਰੱਥ ਹੈ। ਸਮੁੱਚੇ ਭਾਰਤ ਵਾਸੀਆਂ ਨੂੰ ਇਹਨਾਂ ਦੀ ਦਿੱਤੀ ਗਈ ਕੁਰਬਾਨੀ 'ਤੇ ਮਾਣ ਹੈ।

ਆਮ ਤੌਰ ਤੇ ਅੰਗਰੇਜ਼ ਸਰਕਾਰ ਤੇ ਉਥੋਂ ਦੇ ਵਿਦਵਾਨ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਤੇ ਉਹਨਾਂ ਵਰਗੇ, ਉਹਨਾਂ ਦੇ ਹੋਰ ਸਾਥੀ ਕ੍ਰਾਂਤੀਕਾਰੀਆਂ ਨੂੰ, ਆਜ਼ਾਦੀ ਲਈ ਮਰ ਮਿਟਣ ਵਾਲੇ ਪਰਵਾਨੇ ਕਹਿਣ ਦੀ ਬਜਾਏ ਇਕ ਉਗਰਵਾਦੀ ਵਰਗੇ ਸ਼ਬਦ ਵਰਤ ਕੇ ਪੁਕਾਰਦੀ ਸੀ। ਉਹ ਇਨ੍ਹਾਂ ਨੌਜਵਾਨਾਂ ਦੀ ਸਮਾਜਵਾਦੀ, ਪ੍ਰਗਤੀਵਾਦੀ, ਕ੍ਰਾਂਤੀਕਾਰੀ, ਵਿਗਿਆਨਕ ਸੋਚ ਤੇ ਭਾਵਨਾਵਾਂ ਨੂੰ ਸਮਝਦੇ ਹੋਏ ਵੀ ਅੱਖੋਂ ਪਰੋਖੇ ਕਰਕੇ, ਭਾਰਤੀ ਜਨਤਾ ਨੂੰ ਗੁੰਮਰਾਹ ਕਰਨ ਲਈ, ਅਜਿਹੇ ਸ਼ਬਦਾਂ ਦਾ ਪ੍ਰਯੋਗ ਕਰਦੀ ਸੀ। ਵੈਸੇ ਵੀ ਅਸੀਂ ਜਦੋਂ ਭਾਰਤ ਦੇ ਆਜ਼ਾਦੀ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਕਿਸੇ ਵੀ ਅੰਗਰੇਜ਼ ਸ਼ਾਸਕ ਜਾਂ ਵਿਦਵਾਨ ਨੇ ਅੱਜ ਤੱਕ ਸਾਡੇ ਕਿਸੇ ਵੀ ਕ੍ਰਾਂਤੀਕਾਰੀ ਸੂਰਮੇ ਜਾਂ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਕਿਸੇ ਕੌਮੀ ਨੇਤਾ ਦੀ ਪ੍ਰਸ਼ੰਸਾ ਨਹੀਂ ਕੀਤੀ ਕਿਉਂਕਿ ਭਾਰਤ ਦੀ ਆਜ਼ਾਦੀ ਦੀ ਗੱਲ ਕਰਨ ਵਾਲਾ ਹਰ ਸੂਰਮਾ ਉਹਨਾਂ ਦੀ ਨਜ਼ਰ ਵਿਚ ਮਾੜਾ ਹੀ ਸੀ। ਭਗਤ ਸਿੰਘ ਜੀ ਇਕ ਮਹਾਨ ਕ੍ਰਾਂਤੀਕਾਰੀ ਨੇਤਾ ਸਨ, ਜਿਹਨਾਂ ਦੀ ਵਿਚਾਰਧਾਰਾ ਨੂੰ ਸਮਝਣ ਵਾਲਾ ਹਰ ਆਦਮੀ ਉਹਨਾਂ ਨੂੰ ਉਗਰਵਾਦੀ ਨਹੀਂ ਆਖੇਗਾ ਸਗੋਂ ਉਸ ਨੂੰ ਇਕ ਸਮਾਜਵਾਦੀ, ਕ੍ਰਾਂਤੀਕਾਰੀ ਤੇ ਵਿਗਿਆਨਕ ਸੋਚ ਰੱਖਣ ਵਾਲਾ ਇਕ ਪ੍ਰਗਤੀਸ਼ੀਲ ਤੇ ਸੂਝਵਾਨ ਮਹਾਂ-ਪੁਰਸ਼ ਹੀ ਆਖੇਗਾ, ਜਿਸ ਨੇ ਆਪਣੀ ਨਿੱਕੀ ਉਮਰੇ ਹੀ ਆਪਣੀ ਬੌਧਿਕਤਾ ਦੇ ਵਿਕਾਸ ਦੀਆਂ ਕਈ ਮੰਜ਼ਿਲਾਂ ਪਾਰ ਕਰਕੇ, ਆਪਣੀ ਜਾਨ ਦੇਸ਼ ਤੋਂ ਕੁਰਬਾਨ ਕਰ ਦਿੱਤੀ। ਉਹਨਾਂ ਦੀ ਇਸ ਪ੍ਰਪੱਕ ਬੌਧਿਕਤਾ ਦੇ ਪਿੱਛੇ, ਆਪਣੀ ਛੋਟੀ ਉਮਰ ਤੋਂ ਹੀ ਆਰੰਭ ਕੀਤਾ ਗਿਆ, ਸੰਸਾਰ ਤੇ ਭਾਰਤ ਦੇ ਕਈ ਮਹਾਨ ਚਿੰਤਕਾਂ ਦਾ ਅਧਿਐਨ ਹੀ ਸੀ। ਜਿਹਨਾਂ ਵਿਚ ਮਹਾਨ ਕ੍ਰਾਂਤੀਕਾਰੀ ਲੈਨਿਨ, ਕਾਰਲ ਮਾਰਕਸ, ਟੌਲਸਟਾਏ ਤੇ ਸੋਹਨ ਸੁਆਮੀ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਭਗਤ ਸਿੰਘ ਜੀ ਦੇ ਜੀਵਨ ਫ਼ਲਸਫ਼ੇ ਨੂੰ ਜਾਨਣ ਲਈ ਨਿਮਨ-ਲਿਖਤ ਅਨੁਸਾਰ ਚਰਚਾ ਕੀਤੀ ਜਾਂਦੀ ਹੈ।

ਇੱਥੇ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਸਿਰਫ਼ ਇਕ ਤੇਈ ਸਾਲਾਂ ਦੇ ਨੌਜਵਾਨ ਵਿਚ ਉਹ ਕਿਹੜੀ ਖਾਸ ਗੱਲ ਹੈ, ਜਿਸ ਨੇ ਉਸ ਨੂੰ ਮਹਾਤਮਾ ਗਾਂਧੀ ਵਰਗੇ ਕੌਮੀ ਮਹਾਂ ਨਾਇਕ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ ਹੈ। ਭਾਰਤ ਦੀ ਆਜ਼ਾਦੀ ਦੇ ਮਹਾਂਸੰਗਰਾਮ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲੇ, ਸੰਘਰਸ਼ ਕਰਨ ਵਾਲੇ ਤੇ ਫਾਂਸੀਆਂ ਦੇ ਰੱਸਿਆਂ ਨੂੰ ਹੱਸਦੇ-ਹੱਸਦੇ ਚੁੰਮਣ ਵਾਲੇ ਹੋਰ ਵੀ ਅਨੇਕਾਂ ਨਾਇਕ ਹਨ। ਆਖਿਰ ਕਿਹੜੀ ਅਜਿਹੀ ਗੱਲ ਹੈ ਜੋ ਭਗਤ ਸਿੰਘ ਜੀ ਨੂੰ ਉਹਨਾਂ ਸਾਰਿਆਂ ਤੋਂ ਵਖਰਾਂਦੀ ਹੈ ਕਿਉਂਕਿ ਉਹਨਾਂ ਦੀ ਸ਼ਹਾਦਤ ਸਾਡੇ ਮਨਾਂ ਅੰਦਰ ਉਤਨੀ ਹੀ ਜਵਾਨ ਹੈ, ਜਿਤਨੀ ਅੱਜ ਤੋਂ ਕੋਈ ਪੌਣੀ ਸਦੀ ਤੋਂ ਜ਼ਿਆਦਾ ਸਮਾਂ ਬੀਤ ਜਾਣ ਸਮੇਂ ਸੀ। ਹੈਰਾਨ ਕਰ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਭਗਤ ਸਿੰਘ ਜੀ ਨੂੰ ਕੌਮੀ ਨਾਇਕ ਮੰਨਣ ਵਾਲੇ ਕਿਸੇ ਇਕ ਸਿਆਸੀ ਵਿਚਾਰਧਾਰਾ ਜਾਂ ਕਿਸੇ ਖਾਸ ਵਰਗ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ, ਸਗੋਂ ਇਹ ਉਸ ਦੇ ਉਲਟ ਇਕ ਵਿਸ਼ਾਲ ਮਹਾਂਸਾਗਰ ਵਾਂਗ ਦਿਖਾਈ ਦਿੰਦਾ ਹੈ, ਜਿੱਥੇ ਆ ਕੇ ਸਾਰੇ ਰਾਜਨੀਤਿਕ, ਸਿਆਸੀ ਤੇ ਵਿਚਾਰਧਾਰਕ ਵਖਰੇਵੇਂ ਆਪਣੇ ਅਰਥ ਗੁਆ ਬੈਠਦੇ ਹਨ। ਉਹ ਸਗੋਂ ਇਕੋ ਵੇਲੇ ਹਿੰਦੂ-ਰਾਸ਼ਟਰਵਾਦੀਆਂ ਤੇ ਭਾਰਤ ਵਿਚ ਸਮਾਜਵਾਦ ਦੀ ਸਥਾਪਨਾ ਕਰਨ ਦਾ ਸੁਪਨੇ ਲੈਣ ਵਾਲਿਆਂ ਦਾ ਹਰਮਨ ਪਿਆਰਾ ਕ੍ਰਾਂਤੀਕਾਰੀ ਨਾਇਕ ਹੈ। ਹਿੰਦੂ-ਰਾਸ਼ਟਰਵਾਦੀ ਤੇ ਸਮਾਜਵਾਦੀ ਚੇਤਨਾ ਰੱਖਣ ਵਾਲੇ ਦੋਵੇਂ ਵਰਗ, ਆਪੋ-ਆਪਣੇ ਮੰਤਵਾਂ ਨੂੰ ਪ੍ਰਾਪਤ ਕਰਨ ਲਈ, ਭਗਤ ਸਿੰਘ ਜੀ ਦੀ ਦਿੱਤੀ ਗਈ ਕੁਰਬਾਨੀ ਨੂੰ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਲਈ ਹੀ ਤਾਂ ਭਗਤ ਸਿੰਘ ਸਮੁੱਚੀ ਭਾਰਤੀ ਮਾਨਵਤਾ ਦਾ ਸਾਂਝਾ ਮਹਾਂ ਨਾਇਕ ਹੋ ਨਿੱਬੜਿਆ ਹੈ।



ਇਹਨਾਂ ਉਕਤ ਸਾਰੇ ਪ੍ਰਸ਼ਨਾਂ ਦਾ ਜਵਾਬ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਬੜੀ ਛੋਟੀ ਤੇ ਸੰਘਰਸ਼ ਮਈ ਜੀਵਨ ਦੀਆਂ ਤਹਿਆਂ ਵਿਚ ਕ੍ਰਮਵਾਰ ਉਤਰ ਕੇ ਹੀ ਤਲਾਸ਼ਿਆ ਜਾ ਸਕਦਾ ਹੈ। ਇਸ ਦੇ ਉਪਰੰਤ ਸਾਨੂੰ ਭਗਤ ਸਿੰਘ ਜੀ ਦੇ ਜੀਵਨ ਦਾ ਅਧਿਐਨ ਸਿਰਫ਼ ਇਤਿਹਾਸਕ ਨਜ਼ਰੀਏ ਤੋਂ ਕਰਨ ਦੀ ਬਜਾਏ, ਉਸ ਦੇ ਸਮੂਹਿਕ-ਜਨਤਕ ਆਈਨੇ ਵਿਚ ਬਣੇ ਬਿੰਬ ਵਜੋਂ ਵੀ ਦੇਖਣਾ ਪਵੇਗਾ। ਇਸ ਦੀਆਂ ਇਤਿਹਾਸਕ ਹੱਦਾਂ ਨੂੰ ਪਾਰ ਕਰਕੇ ਲੋਕਾਈ ਦੀਆਂ ਸਮਾਜਵਾਦੀ, ਯਥਾਰਥਵਾਦੀ ਤੇ ਵਿਗਿਆਨਕ ਹਕੀਕਤਾਂ ਵਿਚੋਂ ਵੀ ਤਲਾਸ਼ਣਾ ਪਵੇਗਾ।

ਭਗਤ ਸਿੰਘ ਜੀ ਦੇ ਵਿਚਾਰਧਾਰਕ ਜੀਵਨ ਅਤੇ ਬੜੀ ਤੇਜ਼ੀ ਨਾਲ ਹੋਏ ਬੌਧਿਕ ਵਿਕਾਸ ਵਿਚੋਂ ਹੀ ਉਹਨਾਂ ਦੇ ਬਣੇ ਜਨਤਕ-ਬਿੰਬ ਦੇ ਭੇਦ ਨੂੰ ਲੱਭਿਆ ਜਾ ਸਕਦਾ ਹੈ। ਜਿਹੜਾ ਕਿ ਇਕੋ ਸਮੇਂ ਹੀ ਕੌਮਪ੍ਰਸਤਾਂ, ਅੰਤਰ ਰਾਸ਼ਟਰਵਾਦੀਆਂ, ਹਥਿਆਰਬੰਦ ਕ੍ਰਾਂਤੀਕਾਰੀਆਂ ਦੇ ਹਿਮਾਤੀਆਂ ਤੇ ਇਕ ਜਥੇਬੰਦਕ ਲਹਿਰ ਖੜ੍ਹੀ ਕਰਨ ਵਾਲਿਆਂ ਦੇ ਮਨਾਂ ਨੂੰ ਪ੍ਰਭਾਵਿਤ ਕਰਦਾ ਹੈ। ਹਰ ਵਰਗ ਨੂੰ ਉਸ ਦੇ ਹਕੀਕੀ, ਵਿਚਾਰਧਾਰਕ ਤੇ ਅਮਲੀ ਜੀਵਨ ਵਿਚੋਂ ਕੁਝ ਨਾ ਕੁਝ ਅਜਿਹਾ ਆਧਾਰ ਮਿਲ ਜਾਂਦਾ ਹੈ ਜੋ ਉਸ ਨੂੰ ਆਪਣੇ ਭਗਤ ਸਿੰਘ ਬਣਨ ਲਈ ਸਹਾਈ ਬਣਦਾ ਹੈ।

ਭਗਤ ਸਿੰਘ ਦੇ ਵਿਚਾਰਧਾਰਕ ਵਿਕਾਸ ਦੀ ਜਾਣਕਾਰੀ ਪ੍ਰਾਪਤ ਕਰਕੇ ਇਸ ਧਾਰਨਾ ਨੂੰ ਵਿਚਾਰ ਯੁਕਤ ਤੇ ਤਰਕਸੰਗਤ ਮੰਨਿਆ ਜਾ ਸਕਦਾ ਹੈ। ਛੋਟੀ ਜਿਹੀ ਉਮਰੇ ਹੀ 'ਬੰਦੂਕਾਂ ਤੇ ਅਸਲੇ ਦੀ ਫਸਲ ਬੀਜਣ ਵਾਲਾ' ਭਗਤ ਸਿੰਘ ਜਦੋਂ ਆਪਣੇ ਆਰੀਆ ਸਮਾਜੀ ਦਾਦਾ ਜੀ ਨੂੰ ਖ਼ਤ ਲਿਖਦਾ ਹੈ ਤਾਂ ਹਰ ਖ਼ਤ ਦਾ ਆਰੰਭ 'ਓਮ' ਤੋਂ ਹੁੰਦਾ ਹੈ। ਮਹਾਨ ਤਪੱਸਵੀਆਂ ਵਰਗਾ ਇਹ ਵਿਅਕਤਿਤਵ ਤੇ ਜਤ-ਸਤ ਦਾ ਪੁੰਗਰ ਰਿਹਾ ਇਹ ਸੋਮਾ ਨਿਸ਼ਚਿਤ ਤੌਰ ਤੇ ਭਾਰਤ ਦੇ ਰੋਮਾਂਟਿਕ-ਰਾਸ਼ਟਰਵਾਦੀਆਂ ਤੇ ਹਿੰਦੂ-ਰਾਸ਼ਟਰਵਾਦੀਆਂ ਨੂੰ ਆਪਣੇ ਮੇਚ ਆਉਂਦਾ ਨਜ਼ਰ ਆਉਂਦਾ ਹੈ। ਉਹ ਭਗਤ ਸਿੰਘ ਜੀ ਦੀ ਅਜਿਹੀ ਪਛਾਣ ਨੂੰ ਹੀ ਉਹਨਾਂ ਦੀ ਵਿਚਾਰਧਾਰਾ ਮੰਨ ਬੈਠਦੇ ਹਨ।

ਪਰ ਇਹ ਹਕੀਕਤ ਵੀ ਹੈ ਕਿ ਭਗਤ ਸਿੰਘ ਇਸ ਪੜਾਅ ਉੱਤੇ ਬਹੁਤ ਥੋੜ੍ਹੇ ਸਮੇਂ ਲਈ ਵਿਰਾਮ ਕਰਦਾ ਹੈ। ਆਪਣੀ ਜ਼ਿੰਦਗੀ ਦੇ ਅੰਤਿਮ ਪੜਾਅ ਤੇ ਪਹੁੰਚਦਿਆਂ, ਉਹ ਐਲਾਨੀਆ ਤੌਰ ਤੇ ਨਾਸਤਕ ਹੋ ਨਿੱਬੜਦਾ ਹੈ। ਉਹ ਪ੍ਰਮਾਤਮਾ ਜਾਂ ਈਸ਼ਵਰ ਜਾਂ ਰੱਬ ਦੀ ਹੋਂਦ ਨੂੰ ਨਕਾਰਦਾ ਤੇ ਲਲਕਾਰਦਾ ਹੈ। ਉਹ ਪ੍ਰਮਾਤਮਾ ਦੀ ਕਾਲਪਨਿਕ ਹੋਂਦ ਨੂੰ ਸਮੁੱਚੀ ਮਾਨਵਤਾ ਦੇ ਦੁੱਖਾਂ, ਦਰਦਾਂ ਤੇ ਗੁਲਾਮੀ ਦਾ ਕਾਰਨ ਮੰਨਦਾ ਹੈ। ਉਹ ਪ੍ਰਮਾਤਮਾ ਨੂੰ ਕਿਸੇ ਚਾਤਰ ਮਨੁੱਖ ਦੀ ਕਲਪਨਾ ਮਾਤਰ ਹੀ ਮੰਨਦਾ ਹੈ। ਉਸ ਦੀ ਨਾਸਤਿਕ ਵਿਚਾਰਧਾਰਾ ਦਾ ਇਹ ਪੜਾਅ ਉਸ ਦੇ ਖੱਬੇ ਪੱਖੀ ਸ਼ਰਧਾਲੂਆਂ ਨੂੰ ਇਕ ਵਰਦਾਨ ਦਾ ਰੂਪ ਸਾਬਤ ਹੁੰਦਾ ਹੈ। ਉਹ ਭਗਤ ਸਿੰਘ ਜੀ ਦੀ ਛਬਿ ਨੂੰ ਇਸੇ ਵਿਚਾਰਧਾਰਾ 'ਤੇ ਉਸਾਰਦੇ ਹਨ ਤੇ ਉਹ ਅੱਗੇ ਜਾ ਕੇ ਇਸ ਵਿਚ ਕਿਸੇ ਕਿਸਮ ਦੀ ਤਬਦੀਲੀ ਦਾ ਕਿਆਸ ਵੀ ਨਹੀਂ ਕਰਦੇ ਤੇ ਭਗਤ ਸਿੰਘ ਜੀ ਦੀ ਇਸ ਵਿਚਾਰਧਾਰਾ ਨੂੰ ਉਸ ਦਾ ਸਿਖਰ ਮੰਨ ਲੈਂਦੇ ਹਨ ਤੇ ਜਿਸ ਉੱਤੇ ਭਗਤ ਸਿੰਘ ਜੀ ਵਰਗਾ ਯੋਧਾ ਆਪਣੀ ਚੜ੍ਹਦੀ ਉਮਰੇ ਹੀ ਜਿੱਤ ਪ੍ਰਾਪਤ ਕਰ ਗਿਆ।

ਇਸ ਚੜ੍ਹਦੀ ਜਵਾਨੀ ਵਿਚ ਭਗਤ ਸਿੰਘ ਜੀ ਸਿਰਤੋੜ ਯਤਨ ਕਰਦੇ ਹਨ ਕਿ ਉਹਨਾਂ ਦਾ ਅੱਤਵਾਦ ਵਿਚ ਕੋਈ ਵਿਸ਼ਵਾਸ ਨਹੀਂ ਹੈ। ਉਹ ਬੜੇ ਸਪਸ਼ਟ ਸ਼ਬਦਾਂ ਵਿਚ ਐਲਾਨ ਕਰਦੇ ਹਨ ਕਿ ਇਕ ਰਾਜਨੀਤਿਕ ਹਥਿਆਰ ਵਜੋਂ ਅੱਤਵਾਦ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਕਾਮਯਾਬ ਨਹੀਂ ਹੋਇਆ ਹੈ ਤੇ ਨਾ ਹੀ ਕਦੀ ਹੋਵੇਗਾ? ਇਸ ਦੇ ਨਾਲ ਉਹ ਇਹ ਵੀ ਸਵੀਕਾਰ ਕਰਦੇ ਹਨ ਕਿ ਉਨ੍ਹਾਂ ਦੇ ਰਾਜਨੀਤਿਕ ਜੀਵਨ ਦਾ ਆਰੰਭ ਇਕ ਦਹਿਸ਼ਤਵਾਦ ਦੇ ਰੂਪ ਵਿਚ ਹੋਇਆ ਹੈ। ਉਨ੍ਹਾਂ ਦੇ ਬੌਧਿਕ ਤੇ ਵਿਚਾਰਧਾਰਕ ਫੁਰਮਾਨਾਂ ਨਾਲੋਂ, ਉਹਨਾਂ ਦੇ ਅਮਲ ਜਨਤਕ ਮਨਾਂ ਅੰਦਰ ਡੂੰਘਾ ਅਸਰ ਕਰਦੇ ਹਨ। ਇਸਦਾ ਭਾਵ ਬੜਾ ਸਪਸ਼ਟ ਹੈ। ਉਹਨਾਂ ਦੇ ਬੌਧਿਕ ਤੇ ਵਿਚਾਰਧਾਰਕ ਐਲਾਨਾਂ ਦਾ ਸਬੰਧ ਚੇਤਨ ਮਨ ਅਤੇ ਸੁਚੇਤ ਅਮਲ ਨਾਲ ਹੈ ਜੋ ਬੜੇ ਪੇਤਲੇ ਪੱਧਰ ਤੇ ਮਨ ਵਿਚ ਆਉਂਦੇ ਹਨ ਤੇ ਇਹਨਾਂ ਵਿਚ ਆਉਣ ਵਾਲੇ ਬਦਲਾਅ ਵੀ ਬੜੀ ਜਲਦੀ-ਜਲਦੀ ਆਉਂਦੇ ਹਨ। ਅੰਗਰੇਜ਼ ਸਾਂਡਰਸ ਨੂੰ ਮਾਰ ਕੇ ਅਣਖਾਂ ਦੀ ਖਾਤਰ ਮਰ ਮਿਟਣ ਵਾਲੇ, ਅਸੈਂਬਲੀ ਵਿਚ ਫੋਕਾ ਬੰਬ ਸੁੱਟ ਕੇ ਵੈਰੀ ਅੰਗਰੇਜ਼ ਨੂੰ ਲਲਕਾਰਨ ਵਾਲੇ ਸੂਰਮੇ ਦੇ ਅਕਸਰ ਦੀ ਉਸਾਰੀ ਮਾਨਵ ਮਨ ਆਪਣੀ ਹੀ ਸਮੂਹਿਕ ਅਵਚੇਤਨ ਵਿਚੋਂ ਕਰਦਾ ਹੈ, ਜਿਹੜਾ ਕਿ ਕੋਈ ਸੁਚੇਤ ਨਿਰਣਾ ਨਹੀਂ ਹੈ, ਇਹ ਸਗੋਂ ਅਤੀ ਕਠੋਰ ਅਤੇ ਅਣਸੁਖਾਵੀਆਂ ਅਸਲੀਅਤਾਂ ਦੇ ਸਨਮੁਖ ਖ਼ਾਹਸ਼ਾਂ ਦੀ ਅਵਚੇਤਨ ਸਿਰਜਣ ਪ੍ਰਕਿਰਿਆ ਹੀ ਹੈ। ਇਹ ਸਭ ਕੁਝ ਦੇ ਹੁੰਦਿਆਂ ਹੋਇਆਂ ਵੀ ਭਗਤ ਸਿੰਘ ਜੀ ਦੇ ਬੌਧਿਕ ਤੇ ਵਿਚਾਰਧਾਰਕ ਪ੍ਰਗਤੀ ਦੀ ਗਤੀ ਇਸ ਤੋਂ ਭਿੰਨ ਹੈ। ਇਸ ਵਿਚ ਉਹ ਕਿਧਰੇ ਵੀ ਆਰਾਮ ਕਰਕੇ ਨਹੀਂ ਬਹਿੰਦਾ। ਸਾਂਡਰਸ ਦੇ ਕਤਲ ਤੋਂ ਬਾਅਦ ਉਹ ਖੁਸ਼ ਨਹੀਂ, ਸਗੋਂ ਉਦਾਸ ਰਹਿੰਦਾ ਹੈ। ਇਸ ਅਸਲੀਅਤ ਦਾ ਪਤਾ ਲੋਕ ਗੀਤਾਂ ਤੋਂ ਨਹੀਂ, ਸਗੋਂ ਉਹਨਾਂ ਨਾਲ ਵਿਚਰੇ ਸਾਥੀਆਂ ਤੇ ਦੋਸਤਾਂ ਦੀਆਂ ਯਾਦਾਂ ਤੋਂ ਪ੍ਰਾਪਤ ਹੁੰਦਾ ਹੈ ਜੋ ਅੱਜ ਵੀ ਸਾਡੇ ਕੋਲ ਲਿਖ਼ਤ ਰੂਪ ਵਿਚ ਉਪਲਬਧ ਹਨ। ਬੰਗਾਲ ਵਿਚ ਇਨਕਲਾਬੀ ਸਾਥੀਆਂ ਨਾਲ ਰਹਿੰਦਿਆਂ 'ਵਿਅਕਤੀਗਤ ਸਿਆਸੀ ਕਤਲਾਂ' ਦੀ ਅਰਥਹੀਣਤਾ ਦਾ ਉਸ ਨੂੰ ਪੂਰਾ ਗਿਆਨ ਹੋ ਜਾਂਦਾ ਹੈ। ਅਸੈਂਬਲੀ ਵਿਚ ਫੋਕਾ ਬੰਬ ਸੁੱਟਣਾ ਕਿਸੇ ਅਹਿੰਸਕ ਵਿਚਾਰਧਾਰਾ ਦਾ ਪ੍ਰਗਟਾ ਨਹੀਂ ਹੈ, ਸਗੋਂ ਲੋਕਾਂ ਤੱਕ ਆਪਣੀ ਪਾਰਟੀ ਦੀ ਯੋਜਨਾ ਤੇ ਵਿਚਾਰਧਾਰਾ ਨੂੰ ਪਹੁੰਚਾਉਣ ਦਾ ਤਰੀਕਾ ਮਾਤਰ ਹੀ ਹੈ। ਅਸੈਂਬਲੀ ਵਿਚ ਸੁੱਟੇ ਗਏ ਪੈਂਫਲਟ ਅਤੇ ਨਿਆਂਪਾਲਿਕਾ ਦੀ ਕਾਰਵਾਈ ਸਮੇਂ ਦਿੱਤੇ ਗਏ ਬਿਆਨ, ਇਸੇ ਅਸਲੀਅਤ ਨੂੰ ਬਿਆਨ ਕਰਦੇ ਹਨ ਕਿ ਮਾਨਵਤਾ ਦੇ ਜੀਵਨ ਦੀ ਉਹਨਾਂ ਦੇ ਮਨ ਅੰਦਰ ਕਿੰਨੀ ਇੱਜ਼ਤ ਹੈ। ਉਹ ਧਾਰਮਿਕ ਕੱਟੜਤਾਵਾਂ ਤੇ ਨਿੱਜੀ ਸੁਆਰਥਾਂ ਤੋਂ ਮੁਕਤ ਸੀ।

ਇਸ ਲਈ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਜੀ ਦਾ ਅਮਲੀ ਤੇ ਵਿਚਾਰਧਾਰਕ ਜੀਵਨ, ਵੱਖ-ਵੱਖ ਤੇ ਵਿਰੋਧੀ ਵਿਚਾਰਧਾਰਕ ਵਰਗਾਂ ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਇਸ ਨੂੰ ਆਪਣੇ ਪ੍ਰਤੀਨਿਧ ਦੇ ਰੂਪ ਵਿਚ ਸਵੀਕਾਰ ਕਰ ਸਕਣ। ਵਿਵਹਾਰਿਕ, ਰਾਜਨੀਤਿਕ ਸੇਧ ਅਤੇ ਵਿਚਾਰਧਾਰਕ ਸੂਝ ਪੱਖੋਂ ਭਾਵੇਂ ਇਹ ਰਸਤਾ ਗੰਧਲਾ ਤੇ ਉਲਝਣਾਂ ਭਰਪੂਰ ਹੋ ਸਕਦਾ ਹੈ ਪਰ ਭਗਤ ਸਿੰਘ ਜੀ ਦੀ ਹਰਮਨ ਪਿਆਰਤਾ ਤੇ ਵਿਰੋਧੀ ਖੇਮਿਆਂ ਦਾ ਸਾਂਝਾ ਹੋ ਸਕਣ ਦੀ, ਉਸਦੀ ਸਮਰੱਥਾ ਦਾ ਭੇਦ ਵੀ ਇਸੇ ਅੰਦਰ ਸਮਾਇਆ ਹੋਇਆ ਹੈ। ਇਸ ਅਸਲੀਅਤ ਨੂੰ ਕਿਸੇ ਵੀ ਤਰ੍ਹਾਂ ਝੁਠਲਾਇਆ ਨਹੀਂ ਜਾ ਸਕਦਾ। ਭਗਤ ਸਿੰਘ ਜੀ ਦੀ ਵਿਚਾਰਧਾਰਕ ਉਡਾਰੀ ਇਤਨੀ ਵਿਸ਼ਾਲ ਹੈ ਜੋ ਇਕ ਸਮੇਂ ਸਾਰੇ ਵਿਰੋਧੀ ਪੱਖਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਣ ਦੀ ਸਮਰੱਥਾ ਰੱਖਦੀ ਹੈ। ਇਸ ਲਈ ਹੀ ਭਗਤ ਸਿੰਘ ਕਿਸੇ ਵਰਗ ਵਿਸ਼ੇਸ਼, ਵਿਚਾਰਧਾਰਾ, ਧਰਮ, ਪ੍ਰਾਂਤ ਅਤੇ ਭਾਸ਼ਾ ਦਾ ਨਾਇਕ ਨਾ ਹੋਕੇ ਸਮੁੱਚੇ ਭਾਰਤ ਵਰਸ਼ ਦਾ ਸਿਰਮੌਰ ਮਹਾਂ-ਨਾਇਕ ਹੈ। ਉਸ ਦੀ ਮਹਾਨਤਾ ਤੇ ਉਸ ਦੇ ਵਿਅਕਤਿਤਵ ਨੂੰ ਪੰਡਤ ਜਵਾਹਰ ਲਾਲ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਵਰਗੇ ਪ੍ਰਗਤੀਸ਼ੀਲ ਮਹਾਂ-ਨਾਇਕ ਹੀ ਨਹੀਂ, ਸਗੋਂ ਖੁਦ ਰਾਸ਼ਟਰ ਪਿਤਾ ਅਖਵਾਉਣ ਵਾਲੇ ਮਹਾਂ-ਨਾਇਕ ਮਹਾਤਮਾ ਗਾਂਧੀ ਜੀ ਵੀ ਖੁਦ ਸਵੀਕਾਰ ਕਰਦੇ ਹਨ। ਆਪਣੀ ਵਿਗਿਆਨਕ ਤੇ ਬੌਧਿਕ ਵਿਚਾਰਧਾਰਾ ਦੀ ਵਿਸ਼ਾਲਤਾ ਨਾਲ ਹੀ ਉਹ ਸਮੇਂ ਨੂੰ ਪਛਾੜਨ ਦੇ ਸਮਰੱਥ ਹੋਇਆ ਹੈ। ਅੱਜ ਸਮਾਂ ਬੀਤਣ ਨਾਲ ਹੌਲੀ-ਹੌਲੀ ਬਹੁਤ ਸਾਰੇ ਪੁਰਾਣੇ ਆਜ਼ਾਦੀ ਦੇ ਸੂਰਮਿਆਂ ਦੇ ਅਕਸ ਧੁੰਦਲਾ ਰਹੇ ਹਨ ਪਰ ਭਗਤ ਸਿੰਘ ਜੀ ਦਾ ਅਕਸ ਉਵੇਂ ਹੀ ਸੂਰਜ ਦੀ ਤਰ੍ਹਾਂ ਚਮਕਦਾ ਰਹੇਗਾ ਕਿਉਂਕਿ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਇਕ ਅਜਿਹੇ ਚਮਕਦੇ ਗਿਆਨ ਤੇ ਕੁਰਬਾਨੀ ਦੇ ਸੂਰਜ ਹਨ, ਜਿਹਨਾਂ ਦਾ ਚਾਨਣ ਸਮੁੱਚੀ ਮਾਨਵਤਾ ਨੂੰ ਅਗਿਆਨਤਾ ਦੇ ਹਨੇਰੇ 'ਚੋਂ ਕੱਢ ਕੇ ਕੁਰਬਾਨੀ ਅਤੇ ਦੇਸ਼ ਪਿਆਰ ਦਾ ਜਜ਼ਬਾ ਪੈਦਾ ਕਰਦਾ ਤੇ ਪ੍ਰੇਰਨਾ ਦਿੰਦਾ ਹੋਇਆ, ਵਿਗਿਆਨਕ ਦ੍ਰਿਸ਼ਟੀਕੋਣ ਧਾਰਨ ਕਰਨ, ਸਮਾਜਵਾਦੀ-ਯਥਾਰਥਵਾਦੀ ਬਣਨ ਤੇ ਪ੍ਰਗਤੀਸ਼ੀਲਤਾ ਗ੍ਰਹਿਣ ਕਰਨ ਦੀ ਰੌਸ਼ਨੀ ਦਿੰਦਾ ਰਹੇਗਾ। ਸਾਰੀ ਮਾਨਵਤਾ ਲਈ ਸ਼ਹੀਦੇ-ਆਜ਼ਮ-ਸਰਦਾਰ ਭਗਤ ਸਿੰਘ ਜੀ ਕੋਲ ਥਾਂ ਹੈ ਤੇ ਉਹ ਕਿਸੇ ਨੂੰ ਵੀ ਨਿਰਾਸ਼ ਨਹੀਂ ਕਰਦਾ। ਉਹਨਾਂ ਦੇ ਸ਼ਹੀਦੀ ਪੁਰਬ ਤੇ ਬੜੇ ਸਤਿਕਾਰ ਨਾਲ ਮੈਂ ਆਪਣੇ ਸ਼ਰਧਾ-ਸੁੰਮਨ ਪੇਸ਼ ਕਰਦਾ ਹਾਂ।

# ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦਾ ਲੋਕਾਂ ਵੱਲੋਂ ਭਰਵਾਂ ਸਵਾਗਤ

**ਬਟਾਲਾ (ਨਰਿੰਦਰ ਬਰਨਾਲ)-** ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਜ਼ਿਲਾ ਗੁਰਦਾਸਪੁਰ 'ਚ ਆਉਣ 'ਤੇ ਲੋਕਾਂ ਵੱਲੋਂ ਉਹਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਜ਼ਿਲਾ ਗੁਰਦਾਸਪੁਰ 'ਚ ਦਾਖਲ ਹੋਣ 'ਤੇ ਪਿੰਡ ਰੰਗੜ ਨੰਗਲ ਵਿਖੇ ਐਸ. ਐਸ. ਪੀ. ਬਟਾਲਾ ਸ੍ਰੀ ਦੀਪਕ ਹਿਲੋਰੀ (ਆਈ. ਪੀ. ਐਸ.), ਡਿਪਟੀ ਡਾਇਰੈਕਟਰ ਪੇਂਡੂ ਵਿਕਾਸ ਵਿਭਾਗ ਸ. ਸਰਬਜੀਤ ਸਿੰਘ ਵਾਲੀਆ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ. ਕ੍ਰਿਪਾਲ ਸਿੰਘ ਖੋਖਰ, ਐਸ. ਡੀ. ਐਮ. ਬਟਾਲਾ ਸ. ਪਿਰਥੀ ਸਿੰਘ, ਤਹਿਸੀਲਦਾਰ ਬਟਾਲਾ ਸ. ਮਨਜੀਤ ਸਿੰਘ ਵੱਲੋਂ ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦਾ



ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪੁਲਿਸ ਜ਼ਿਲਾ ਬਟਾਲਾ ਦੇ ਜਵਾਨਾਂ ਨੇ ਕੈਬਨਿਟ ਮੰਤਰੀ ਸ. ਬਾਜਵਾ ਨੂੰ ਗਾਰਡ ਆਫ ਆਨਰ ਵੀ ਪੇਸ਼ ਕੀਤਾ। ਇਸ ਮੌਕੇ ਉਹਨਾਂ ਨਾਲ ਸ੍ਰੀ ਹਰਗੋਬਿੰਦਪੁਰ ਦੇ ਵਿਧਾਨਕਾਰ ਸ. ਬਲਵਿੰਦਰ ਸਿੰਘ ਲਾਡੀ, ਸ. ਰਵੀਨੰਦਨ ਸਿੰਘ ਬਾਜਵਾ, ਐਡਵੋਕੇਟ ਰਜਿੰਦਰ ਸਿੰਘ ਬੱ-ਦੋਵਾਲ, ਹਰਵਿੰਦਰਪਾਲ ਸਿੰਘ ਜੋਤੀ, ਦੀਪੂ ਖੋਸਲਾ, ਸ. ਸਿੰਕਦਰ ਸਿੰਘ ਵੀ ਹਾਜ਼ਰ ਸਨ।

ਪਿੰਡ ਰੰਗੜ ਨੰਗਲ, ਅੰਮੋਨੰਗਲ, ਅੱਚਲ ਸਾਹਿਬ, ਬਟਾਲਾ ਬਾਈਪਾਸ ਵਿੱਚ ਵੱਡੀ ਗਿਣਤੀ 'ਚ ਲੋਕਾਂ ਨੇ ਹਾਰ ਪਾ ਕੈਬਨਿਟ ਮੰਤਰੀ ਸ. ਬਾਜਵਾ ਨੂੰ ਜੀ ਆਇਆਂ ਨੂੰ ਕਿਹਾ। ਬਟਾਲਾ ਬਾਈਪਾਸ 'ਤੇ ਹਜ਼ਾਰਾਂ ਦੀ ਗਿਣਤੀ 'ਚ ਵਿਧਾਨ ਸਭਾ ਹਲਕਾ ਫਤਿਹਗੜ ਚੂੜੀਆਂ ਦੇ ਲੋਕ ਕੈਬਨਿਟ ਮੰਤਰੀ ਸ. ਬਾਜਵਾ ਦੇ ਸਵਾਗਤ ਲਈ ਪਹੁੰਚੇ ਹੋਏ ਸਨ। ਬਟਾਲਾ ਬਾਈਪਾਸ ਤੋਂ ਕੈਬਨਿਟ ਮੰਤਰੀ ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਖੁੱਲੀ ਜੀਪ 'ਚ ਸਵਾਰ ਹੋ ਕੇ ਸਮੱਰਥਕਾਂ ਦੇ ਵੱਡੇ ਕਾਫਲੇ ਨਾਲ ਲੋਕਾਂ ਦਾ ਧੰਨਵਾਦ ਕਰਨ ਲਈ ਹਲਕੇ ਦੇ ਪਿੰਡਾਂ ਹਰਦੋਝੰਡੇ, ਘਸੀਟਪੁਰ, ਮੂਲਾ ਸੁਨੱਈਆ, ਅਲੀਵਾਲ, ਕਾਲਾ ਅਫਗਾਨਾ, ਫਤਿਹਗੜ ਚੂੜੀਆਂ ਪਹੁੰਚੇ।

# ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ



ਮਹਿੰਦਰ ਸਿੰਘ ਦੋਸਾਂਝ
91-94632-33991

ਪੰਜਾਬੀ ਭਾਸ਼ਾ ਦਾ ਪਿਛੋਕੜ ਬੜਾ ਅਮੀਰ ਅਤੇ ਇਸ ਦੀਆਂ ਰਵਾਇਤਾਂ ਗੌਰਵਮਈ ਹਨ, ਅੱਜ ਵੀ ਪੰਜਾਬ ਤੋਂ ਬਾਹਰ 70 ਲੱਖ ਤੋਂ ਵੱਧ ਪੰਜਾਬੀ ਬੋਲਣ ਵਾਲੇ ਲੋਕ ਹਨ ਤੇ ਵਿਸ਼ਵ ਦੀਆਂ ਸਮੁੱਚੀਆਂ ਭਾਸ਼ਾਵਾਂ ਦੀ ਲੜੀ ਵਿੱਚ ਪੰਜਾਬੀ ਭਾਸ਼ਾ ਦਾ 13ਵਾਂ ਸਥਾਨ ਹੈ ਪਰ ਪੰਜਾਬੀ ਭਾਸ਼ਾ ਦੇ ਆਪਣੇ ਪ੍ਰਾਂਤ ਪੰਜਾਬ ਅੰਦਰ ਇਸਨੂੰ ਉਹ ਮਹੱਤਵ ਪ੍ਰਾਪਤ ਨਹੀਂ ਹੋਇਆ, ਜਿਸ ਦੀ ਇਹ ਹੱਕਦਾਰ ਸੀ। ਅੱਜ ਪੰਜਾਬ ਦੇ ਸਕੂਲਾਂ ਕਾਲਜਾਂ ਵਿੱਚ ਗਿਆਨ ਵਿਗਿਆਨ ਦੀ ਪੜ੍ਹਾਈ ਲਈ ਪੰਜਾਬੀ ਭਾਸ਼ਾ ਵਿੱਚ ਤਕਨੀਕੀ ਸ਼ਬਦਾਂਵਲੀ ਦੇ ਨਿਰਮਾਣ ਹਿੱਤ ਵਿਗਿਆਨ ਦੇ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਪੰਜਾਬੀ ਵਿਚ ਤਕਨੀਕੀ ਸ਼ਬਦਾਂਵਲੀ ਦੀਆਂ ਪੁਸਤਕਾਂ ਤਿਆਰ ਕਰਕੇ ਛਾਪੀਆਂ ਗਈਆਂ ਸਨ, ਪਰ ਮਗਰੋਂ ਪੈਸੇ ਦੀ ਥੁੜ ਕਰਕੇ ਇਹ ਪ੍ਰੋਜੈਕਟ ਚੱਲਣ ਤੋਂ ਕੁਝ ਚਿਰ ਬਾਅਦ ਹੀ ਬੰਦ ਕਰ ਦਿੱਤਾ ਗਿਆ ਤੇ ਛਾਪੀਆਂ ਗਈਆਂ ਪੁਸਤਕਾਂ ਵੀ ਕੁਝ ਚਿਰ ਬਾਅਦ ਸਿਓਂਕ ਦੀ ਖੁਰਾਕ ਬਣ ਗਈਆਂ।

ਅੱਜ ਪੰਜਾਬ ਅੰਦਰ ਰਾਜ ਪੱਧਰ 'ਤੇ 90 ਫੀਸਦੀ, ਜ਼ਿਲ੍ਹਾ ਪੱਧਰ ਤੇ 50 ਫੀਸਦੀ ਤੇ ਬਲਾਕ ਪੱਧਰ ਤੇ 25 ਫੀਸਦੀ ਸਰਕਾਰੀ ਦਫਤਰਾਂ ਵਿਚ ਇੰਗਲਿਸ਼ ਭਾਸ਼ਾ ਵਿਚ ਹੀ ਕੰਮ ਹੋ ਰਿਹਾ ਹੈ, ਜਦ ਕਿ ਭਾਰਤ ਦੀ ਸੁਤੰਤਰਤਾ ਪ੍ਰਾਪਤੀ ਉਪਰੰਤ ਭਾਰਤੀ ਸੰਵਿਧਾਨ ਦੇ ਨਿਰਮਾਣ ਲਈ ਕੰਮ ਕਰਨ ਵਾਲੀ ਕਮੇਟੀ ਨੇ ਸੰਨ 1949 ਵਿਚ ਭਾਰਤ ਦੀ ਰਾਸ਼ਟਰੀ ਤੇ ਸਰਕਾਰੀ ਭਾਸ਼ਾ ਬਾਰੇ ਫੈਸਲਾ ਕਰਨ ਲਈ ਗੰਭੀਰ ਮੰਥਨ ਤੇ ਵਿਚਾਰ ਕਰਨ ਤੋਂ ਬਾਅਦ ਹਿੰਦੀ ਨੂੰ ਰਾਸ਼ਟਰੀ ਪੱਧਰ 'ਤੇ ਸਰਕਾਰੀ ਭਾਸ਼ਾ ਪ੍ਰਵਾਨ ਕੀਤਾ ਤੇ ਸੰਵਿਧਾਨ ਦੀ ਧਾਰਾ343(1) ਤੇ 343(2) ਵਿਚ ਅਗਲੇ ਕੇਵਲ 15 ਸਾਲਾਂ ਲਈ ਰਾਸ਼ਟਰੀ ਪੱਧਰ ਤੇ ਹਿੰਦੀ ਦੇ ਨਾਲ ਨਾਲ ਸਰਕਾਰੀ ਦਫਤਰਾਂ ਵਿਚ ਕੰਮਕਾਰ ਤੇ ਕਾਰਵਾਈਆਂ ਲਈ ਹਿੰਦੀ ਭਾਸ਼ਾ ਦੇ ਨਾਲ ਨਾਲ ਇੰਗਲਿਸ਼ ਦੀ ਵਰਤੋਂ ਨੂੰ ਸਹਿਯੋਗੀ ਭਾਸ਼ਾ ਦੇ ਰੂਪ ਵਿਚ ਕਰਨ ਦੀ ਪ੍ਰਵਾਨਗੀ ਦਿੱਤੀ ਸੀ।

ਪਰ ਅੱਜ ਲਗਭਗ 66 ਸਾਲ ਦਾ ਲੰਮਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਸਰਕਾਰ ਦੇ ਦਫ਼ਤਰਾਂ ਵਿਚ ਪੰਜਾਬੀ ਭਾਸ਼ਾ ਉੱਤੇ ਇੰਗਲਿਸ਼ ਭਾਸ਼ਾ ਦਾ ਦਾਬਾ ਜਿਉਂ ਦਾ ਤਿਉਂ ਕਾਇਮ ਹੈ।

ਅੱਜ ਤੱਕ ਪੰਜਾਬ ਦੀਆਂ ਅਦਾਲਤਾਂ ਵਿਚ ਕੇਵਲ ਪੰਜਾਬੀ ਜਾਨਣ ਤੇ ਸਮਝਣ ਵਾਲੇ ਲੋਕਾਂ ਦੇ ਕੇਸਾਂ ਬਾਰੇ ਵਕੀਲਾਂ ਦੀਆਂ ਬਹਿਸਾਂ ਤੇ ਕਾਰਵਾਈਆਂ ਅਕਸਰ ਇੰਗਲਿਸ਼ ਵਿਚ ਹੀ ਹੁੰਦੀਆਂ ਹਨ ਤੇ ਅਦਾਲਤਾਂ ਦੇ ਫੈਸਲੇ ਵੀ ਇੰਗਲਿਸ਼ ਵਿਚ ਹੀ ਲਿਖੇ ਜਾਂਦੇ ਹਨ। ਕੇਵਲ ਪੰਜਾਬੀ ਭਾਸ਼ਾ ਵਿਚ ਕੋਈ ਵੀ ਗੱਲ ਸਮਝਣ ਵਾਲੇ ਪੰਜਾਬ ਦੇ ਬਹੁਤੇ ਕਿਸਾਨ ਖੇਤੀਬਾੜੀ ਨਾਲ ਸਬੰਧਤ ਕਿਸੇ ਵੀ ਸਰਕਾਰੀ ਵਿਭਾਗ, ਇੱਥੋਂ ਦੇ ਖੇਤੀਬਾੜੀ ਖੋਜ ਕੇਂਦਰਾਂ ਤੇ ਯੂਨੀਵਰਸਿਟੀਆਂ ਵਲੋਂ ਪੰਜਾਬ ਵਿਚ ਹੀ ਰਾਜ ਪੱਧਰ 'ਤੇ ਖੇਤੀਬਾੜੀ ਨਾਲ ਸਬੰਧਤ ਕਿਸੇ ਸੈਮੀਨਾਰ ਵਿਚ ਸ਼ਾਮਲ ਹੁੰਦੇ ਹਨ ਤਾਂ ਉੱਥੇ ਪੰਜਾਬ ਦੇ ਹੀ ਖੇਤੀ ਮਾਹਿਰਾਂ ਤੇ ਖੇਤੀ ਵਿਗਿਆਨੀਆਂ ਵਲੋਂ ਅਕਸਰ ਇੰਗਲਿਸ਼ ਵਿਚ ਹੀ ਵਿਚਾਰ ਚਰਚਾ ਹੁੰਦੀ ਹੈ।

ਪੰਜਾਬੀ ਭਾਸ਼ਾ ਨੂੰ ਅਣਗਉਲਿਆਂ ਕਰਨ ਲਈ ਸਭ ਤੋਂ ਵੱਧ ਹੈਰਾਨੀ ਪੰਜਾਬ ਸਰਕਾਰ 'ਤੇ ਹੁੰਦੀ ਹੈ, ਵਿਸ਼ੇਸ਼ ਕਰਕੇ ਉਸ ਪਾਰਟੀ ਦੇ ਸੰਚਾਲਨ ਅਧੀਨ ਚੱਲ ਰਹੀ ਸਰਕਾਰ 'ਤੇ ਜੋ ਆਪਣੇ ਆਪ ਨੂੰ ਪੰਜਾਬੀ ਭਾਸ਼ਾ ਦੀ ਪਹਿਰੇਦਾਰ ਤੇ ਹਿੱਤੂ ਹੋਣ ਦਾ ਹੁਣ ਤੱਕ ਐਲਾਨ ਕਰਦੀ ਆਈ ਹੈ ਤੇ ਪੰਜਾਬੀ ਸੂਬੇ ਦੀ ਸਥਾਪਨਾ ਦੇ ਕੰਮ ਵਿਚ ਪਾਏ ਯੋਗਦਾਨ ਤੇ ਹੁੱਬ ਹੁੱਬ ਮੁੱਛਾਂ ਮਰੋੜਦੀ ਹੈ।

ਪੰਜਾਬੀ ਭਾਸ਼ਾ ਦੇ ਉਥਾਨ ਤੇ ਵਿਕਾਸ ਲਈ ਪੰਜਾਬ ਸਰਕਾਰ ਵਲੋਂ ਸਥਾਪਤ ਕੀਤੇ ਗਏ ਭਾਸ਼ਾ ਵਿਭਾਗ ਪੰਜਾਬ ਵਰਗੀ ਤਰਸਯੋਗ ਹਾਲਤ ਸ਼ਾਇਦ ਹੀ ਪੰਜਾਬ ਦੇ ਕਿਸੇ ਸਰਕਾਰੀ ਵਿਭਾਗ ਦੀ ਹੋਵੇ। ਕਦੇ ਕਦੇ ਪੰਜਾਬੀ ਲੇਖਕਾਂ 'ਤੇ ਪੰਜਾਬੀ ਪ੍ਰੇਮੀਆਂ ਦੇ ਜ਼ੋਰ ਪਾਉਣ 'ਤੇ ਜਾਂ ਅਚਾਨਕ ਹੀ ਯਾਦ ਆਉਣ 'ਤੇ ਪੰਜਾਬ ਸਰਕਾਰ ਵਲੋਂ ਚੰਦ ਕੌਡੀਆਂ ਦੇ ਰੂਪ ਵਿਚ ਇਸ ਗਰੀਬ ਤੇ ਥੁੜੇ ਟੁੱਟੇ ਵਿਭਾਗ ਦੇ ਠੂਠੇ ਵਿਚ ਥੋੜ੍ਹੇ-ਥੋੜ੍ਹੇ ਫੰਡਾਂ ਦੀ ਭੀਖ ਪਾ ਦਿੱਤੀ ਜਾਂਦੀ ਹੈ। ਵੱਖ-ਵੱਖ ਪੰਜਾਬੀ ਲੇਖਕਾਂ ਤੇ ਭਾਸ਼ਾ ਵਿਭਾਗ ਪੰਜਾਬੀ ਦੇ ਆਪਣੇ ਕੀਮਤੀ ਕਿਤਾਬਾਂ ਦੇ ਖਰੜਿਆਂ ਦਾ ਪੂਰਾ ਗੱਡਾ ਆਪਣੀ ਪ੍ਰਕਾਸ਼ਨਾ ਲਈ ਪੰਜਾਬ ਸਰਕਾਰ ਵਲੋਂ ਛਪਾਈ ਦੇ ਕੰਮ ਲਈ ਮਿਲਣ ਵਾਲੇ ਫੰਡਾਂ ਦੀ ਉਡੀਕ ਕਰਦਾ ਕਾਲੇ ਜਾਲਿਆਂ ਵਿਚ ਘਿਰਿਆ ਪਿਆ ਹੈ।

ਤਿੰਨ ਸਾਲਾਂ ਤੋਂ ਫੰਡ ਦੀ ਘਾਟ ਕਰਕੇ ਭਾਸ਼ਾ ਵਿਭਾਗ ਵਲੋਂ ਪੰਜਾਬੀ ਲੇਖਕਾਂ ਦੀਆਂ ਹਰ ਸਾਲ 'ਚ ਛਪੀਆਂ ਨਵੀਆਂ ਪੁਸਤਕਾਂ ਦੇ ਪੁਰਸਕਾਰਾਂ ਨੂੰ ਬਰੇਕ ਲੱਗੀ ਹੋਈ ਹੈ ਤੇ ਲੋੜਵੰਦ ਲੇਖਕਾਂ ਦੀਆਂ ਪੈਨਸ਼ਨਾਂ ਕਈ ਸਾਲਾਂ ਤੋਂ ਬੰਦ ਹਨ। ਮੇਰੇ ਆਪਣੇ ਜੱਦੀ ਪਿੰਡ ਦੇ ਇੱਕ ਮਸ਼ਹੂਰ ਲੋਕ ਕਵੀ ਸਨ ਨਾਜਰ ਸਿੰਘ 'ਤਰਸ', ਉਸ ਨੂੰ ਭਾਸ਼ਾ ਵਿਭਾਗ ਵਲੋਂ 1990 ਵਿਚ ਇੱਕ ਸੌ ਰੁਪਏ ਮਹੀਨੇ ਦੀ ਪੈਨਸ਼ਨ ਲਾਈ ਗਈ ਸੀ ਜੋ ਕਦੇ ਤਿੰਨ ਮਹੀਨੇ ਤੇ ਕਦੇ ਛੇ ਮਹੀਨੇ ਬਾਅਦ ਮਿਲਦੀ, ਮੇਰੀ ਪਤਨੀ ਕਹਿਣ ਲੱਗੀ "ਛੱਡੋ ਭਾਸ਼ਾ ਵਿਭਾਗ ਦਾ ਖਹਿੜਾ! ਮੈਂ ਹੀ ਕਵੀ ਨੂੰ 150 ਰੁਪਏ ਮਹੀਨੇ ਦੇ ਦਿਆ ਕਰਾਂਗੀ।" ਪਰ ਉਹ ਸਾਡੇ ਕੋਲੋਂ ਤਿੰਨ ਮਹੀਨੇ ਵਿਚ 450 ਰੁਪਏ ਦੀ ਆਰਥਿਕ ਮੱਦਦ ਪ੍ਰਾਪਤ ਕਰਕੇ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਚਲੇ ਗਿਆ।

ਕਦੇ ਭਾਸ਼ਾ ਵਿਭਾਗ ਪੰਜਾਬ, ਪੰਜਾਬ ਵਿਚ ਸਰਗਰਮ ਪੰਜਾਬੀ ਸਾਹਿਤ ਸਭਾਵਾਂ ਨੂੰ ਆਰਥਿਕ ਸਹਿਯੋਗ ਵਜੋਂ ਗਰਾਂਟਾਂ ਦਿਆ ਕਰਦਾ ਸੀ ਹੁਣ ਇਨ੍ਹਾਂ ਗਰਾਂਟਾਂ ਦਾ ਸਿਲਸਿਲਾ ਵੀ ਫੰਡਾਂ ਦੀ ਘਾਟ ਕਰਕੇ ਲੱਗਭਗ ਰੁਕ ਹੀ ਗਿਆ। ਭਾਸ਼ਾ ਵਿਭਾਗ ਦੀਆਂ ਸਰਗਰਮੀਆਂ ਇੱਥੋਂ ਤੱਕ ਜਾਮ ਹੋ ਗਈਆਂ ਹਨ ਕਿ ਵਿਭਾਗ ਵਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਪਰਚਲਨ ਵਾਸਤੇ ਮੇਰੇ ਜ਼ਿਲ੍ਹੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਭਾਸ਼ਾ ਅਧਾਰਿਤ ਕਮੇਟੀ ਦੀ ਸਥਾਪਨਾ ਅੱਜ ਤੋਂ ਦੋ ਸਾਲ ਪਹਿਲਾਂ ਕੀਤੀ ਗਈ ਸੀ ਤੇ ਮੈਨੂੰ ਮਿਲੇ ਪੰਜਾਬ ਸਰਕਾਰ ਦੇ ਏਸ ਕਮੇਟੀ ਦੇ ਗਠਨ ਬਾਰੇ ਨੋਟੀਫਿਕੇਸ਼ਨ ਵਿਚ ਦਰਜ ਸੀ ਕਿ ਏਸ ਕਮੇਟੀ ਦੀਆਂ ਸਾਲ ਵਿਚ ਚਾਰ ਇਕੱਤਰਤਾਵਾਂ ਹੋਣੀਆਂ ਜ਼ਰੂਰੀ ਹਨ ਤੇ ਇਸ ਦੀ ਮਿਆਦ ਇੱਕ ਸਾਲ ਹੋਵੇਗੀ।

ਪਰ ਪਾਠਕ ਹੈਰਾਨ ਹੋਣਗੇ ਕਿ ਏਸ ਕਮੇਟੀ ਦੀ ਅੱਜ ਤੱਕ ਇੱਕ ਵੀ ਮੀਟਿੰਗ ਨਹੀਂ ਹੋਈ ਤੇ ਪਿੱਛੋਂ ਮੈਨੂੰ ਪਤਾ ਲੱਗਾ ਕਿ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਹੀ ਨਹੀਂ ਸਗੋਂ ਪੰਜਾਬ ਦੇ ਕਿਸੇ ਜ਼ਿਲ੍ਹੇ ਵਿਚ ਵੀ ਇਨ੍ਹਾਂ ਕਮੇਟੀਆਂ ਦੀ ਇੱਕ ਵੀ ਇੱਕਤਰਤਾ ਨਹੀਂ ਹੋਈ।

ਪੰਜਾਬੀ ਭਾਸ਼ਾ ਦੀ ਮੁੱਦਈ ਸਮਝੀ ਜਾਂਦੀ ਅਜੋਕੀ ਸੱਤਾਧਾਰੀ ਪਾਰਟੀ ਦੀ ਸਰਕਾਰ ਵਲੋਂ ਹੀ ਕੁਝ ਸਮਾਂ ਪਹਿਲਾਂ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਹੀ ਇੰਗਲਿਸ਼ ਪੜ੍ਹਾਉਣ ਦਾ ਬੇਤੁਕਾ ਤੇ ਨਿਰਾਰਥਕ ਫੈਸਲਾ ਕਰਕੇ ਤੇ ਨੋਟੀਫਿਕੇਸ਼ਨ ਕਰਕੇ ਸਕੂਲਾਂ ਨੂੰ ਹੁਕਮ ਤੱਕ ਕਰ ਦਿੱਤੇ ਗਏ ਸਨ, ਹਾਲਾਂਕਿ ਭਾਸ਼ਾ ਤੇ ਮਨੋਵਿਗਿਆਨੀਆਂ ਅਨੁਸਾਰ ਮੁੱਢਲੀ ਸਿੱਖਿਆ ਬੱਚੇ ਨੂੰ ਉਹਦੀ ਮਾਤਰੀ ਭਾਸ਼ਾ ਰਾਹੀਂ ਮਿਲੇ ਤਦ ਹੀ ਵਿੱਦਿਆ ਰਾਹੀਂ ਕਿਸੇ ਵੀ ਖੇਤਰ ਵਿੱਚ ਤੇਜ਼ੀ ਨਾਲ ਅੱਗੇ ਵਧਣ ਲਈ ਉਸ ਦੀ ਮਾਨਸਿਕਤਾ ਵਿਕਸਿਤ ਤੇ ਪ੍ਰਫੁੱਲਤ ਹੋ ਸਕਦੀ ਹੈ ਤੇ ਉਸ ਦੇ ਖ਼ੂਬਸੂਰਤ ਭਵਿੱਖ ਲਈ ਨਵੀਆਂ ਸੰਭਾਵਨਾਵਾਂ ਉਜਾਗਰ ਹੋ ਸਕਦੀਆਂ ਹਨ। ਰੂਸ, ਜਪਾਨ ਅਤੇ ਹੋਰ ਕਈ ਵਿਕਸਤ ਦੇਸ਼ਾਂ ਦੇ ਵਿਗਿਆਨੀਆਂ ਤੇ ਵੱਖ ਵੱਖ ਖੇਤਰਾਂ ਵਿਚ ਪ੍ਰਾਪਤੀਆਂ ਤੇ ਕੀਰਤੀਮਾਨ ਕਾਇਮ ਕਰਨ ਵਾਲੇ ਲੋਕ ਕੇਵਲ



ਮਾਤਰੀ ਭਾਸ਼ਾਵਾਂ ਰਾਹੀਂ ਹੀ ਮੁੱਢਲੀ ਸਿੱਖਿਆ ਪ੍ਰਾਪਤ ਕਰਕੇ ਸਫਲਤਾਵਾਂ ਤੱਕ ਪਹੁੰਚੇ ਹਨ।

ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਤੋਂ ਲੈ ਕੇ ਹੁਣ ਤੱਕ ਸਾਡੀਆਂ ਸਰਕਾਰਾਂ ਨੇ ਪੰਜਾਬੀ ਭਾਸ਼ਾ ਨਾਲ ਵਿਤਕਰਾ ਤੇ ਏਸ ਨੂੰ ਬੁਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਹੈ, ਪੰਜਾਬ ਸਰਕਾਰ ਦੇ ਸਰਕਾਰੀ ਅਦਾਰਿਆਂ ਦੇ ਦਫਤਰਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਨੂੰ ਜਿੱਥੇ ਅਣਗੌਲਿਆਂ ਕੀਤਾ ਗਿਆ, ਉੱਥੇ ਪੰਜਾਬੀ ਭਾਸ਼ਾ ਵਿਚ ਸਰਕਾਰੀ ਕੰਮ ਕਾਜ ਤੇ ਕਾਰਵਾਈਆਂ ਨਾ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਲਈ ਸਜ਼ਾ ਦੀ ਕੋਈ ਵਿਵਸਥਾ ਨਹੀਂ ਹੈ।

ਪਤਾ ਲੱਗਾ ਹੈ ਕਿ ਕੇਂਦਰ ਸ਼ਾਸ਼ਿਤ ਪ੍ਰਦੇਸ਼ ਤੇ ਪੰਜਾਬੀ ਬੋਲਦੇ ਪਿੰਡਾਂ ਨੂੰ ਉਜਾੜ ਕੇ ਵਸਾਏ ਗਏ ਸ਼ਹਿਰ ਚੰਡੀਗੜ੍ਹ ਵਿਚ ਕਿਸੇ ਵੀ ਸਮਾਗਮ ਜਾਂ ਸੈਮੀਨਾਰ ਲਈ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਆਰਥਿਕ ਮੱਦਦ ਨਹੀਂ ਦਿੱਤੀ ਜਾਂਦੀ ਜਿਸ ਦਾ ਸੱਦਾ ਪੱਤਰ ਪੰਜਾਬੀ ਵਿਚ ਛਪਿਆ ਹੋਵੇ।

ਹੁਣੇ ਹੁਣੇ ਪਤਾ ਲੱਗਾ ਹੈ ਕਿ ਪਟਿਆਲਾ ਵਿਖੇ ਸਥਿਤ ਪੰਜਾਬੀ ਭਾਸ਼ਾ ਵਿਭਾਗ ਦੇ ਆਪਣੇ ਵਿਹੜੇ ਵਿਚ, ਭਾਰਤ ਸਰਕਾਰ ਦੇ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ, ਜਿਸ ਦਾ ਦਫ਼ਤਰ ਭਾਸ਼ਾ ਵਿਭਾਗ ਪੰਜਾਬ ਦੀ ਬਿਲਡਿੰਗ ਵਿੱਚ ਹੈ, ਦਾ ਬੋਰਡ ਇੰਗਲਿਸ਼ ਤੇ ਹਿੰਦੀ ਭਾਸ਼ਾ ਵਿੱਚ ਲਗਾਇਆ ਗਿਆ ਹੈ ਤੇ ਏਸ ਤੇ ਪੰਜਾਬੀ ਦਾ ਇੱਕ ਵੀ ਸ਼ਬਦ ਤੱਕ ਨਹੀਂ ਲਿਖਿਆ ਗਿਆ।

ਹੁਣ ਤੱਕ ਪੰਜਾਬ ਅੰਦਰ ਪ੍ਰਸ਼ਾਸਨਿਕ, ਰਾਜਨੀਤਕ ਤੇ ਸਮਾਜਿਕ ਪੱਧਰ ਤੇ ਪੰਜਾਬੀ ਭਾਸ਼ਾ ਨੂੰ ਲੋੜੀਂਦਾ ਮਹੱਤਵ ਨਹੀਂ ਦਿੱਤਾ ਗਿਆ, ਪੰਜਾਬੀ ਭਾਸ਼ਾ ਪ੍ਰਤੀ, ਪੰਜਾਬ ਦੀ ਅਤੇ ਕੇਂਦਰ ਦੀ ਸਰਕਾਰ ਅਤੇ ਸੱਤਾਧਾਰੀ ਪਾਰਟੀਆਂ ਵਲੋਂ ਨਾਕਾਰਆਤਮਕ ਵਿਵਹਾਰ ਤੋ ਹੋਰ ਅੱਗੇ ਜਾ ਕੇ ਵੇਖੀਏ ਤਾਂ ਬਹੁਤੇ ਪੰਜਾਬੀ ਲੋਕਾਂ ਦੇ ਮਨਾਂ ਅੰਦਰ ਵੀ ਜਿਵੇਂ ਪੰਜਾਬੀ ਭਾਸ਼ਾ ਨਾਲ ਮੋਹ ਤੇ ਪਿਆਰ ਮੱਧਮ ਹੁੰਦਾ ਜਾ ਰਿਹਾ ਹੈ। ਪੰਜਾਬ ਦੇ ਬਹੁਤੇ ਦੇ ਸਰਦੇ ਪੁੱਜਦੇ ਲੋਕਾਂ ਅੰਦਰ ਆਪਣੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਪਬਲਿਕ ਸਕੂਲਾਂ ਵਿੱਚ ਦਾਖਲ ਕਰਵਾਉਣ ਦੀ ਭੇਡ-ਚਾਲ ਤੇਜ਼ੀ ਨਾਲ ਪ੍ਰਚੱਲਤ ਹੋ ਰਹੀ ਹੈ, ਅਜਿਹੇ ਸਕੂਲਾਂ ਵਿਚੋਂ ਜਿਵੇਂ ਪਤਾ ਲਗਦਾ ਹੈ ਕੁਝ ਸਕੂਲਾਂ ਵਿਚ ਤਾਂ ਸਕੂਲ ਵਿਚ ਪੰਜਾਬੀ ਭਾਸ਼ਾ ਵਿੱਚ ਗੱਲਬਾਤ ਕਰਨ ਵਾਲੇ ਬੱਚਿਆਂ ਨੂੰ ਸਜ਼ਾਵਾਂ ਤਕ ਦਿੱਤੀਆਂ ਜਾਂਦੀਆਂ ਹਨ, ਹਾਲਾਂਕਿ ਇਹ ਪਬਲਿਕ ਸਕੂਲ ਅੰਗਰੇਜ਼ਾਂ ਦੇ ਨਹੀਂ, ਸਗੋਂ ਪੰਜਾਬੀਆਂ ਦੇ ਆਪਣੇ ਸਕੂਲ ਹਨ। ਬਹੁਤ ਸਾਰੇ ਅਨਪੜ੍ਹ ਪੰਜਾਬੀ ਪਰਿਵਾਰ ਜਿਨ੍ਹਾਂ ਦੇ ਕਿਸੇ ਇੱਕ ਮੈਂਬਰ ਨੂੰ ਏ.ਬੀ.ਸੀ. ਦਾ ਨਹੀਂ ਪਤਾ ਤੇ ਫੱਟੀ ਤੱਕ ਲਿਖਣੀ ਨਹੀਂ ਆਉਂਦੀ,'ਪਣੇ ਵਿਆਹਾਂ ਤੇ ਅਖੰਡ ਪਾਠਾਂ ਦੇ ਭੋਗਾਂ ਸਮੇਂ ਸੱਦਾ ਪੱਤਰ ਇੰਗਲਿਸ਼ ਭਾਸ਼ਾ ਵਿਚ ਛਾਪ ਕੇ ਵੰਡਦੇ ਹਨ।

ਪੰਜਾਬ ਵਿਚੋਂ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿਚ ਗਏ ਬਹੁਤ ਸਾਰੇ ਪੰਜਾਬੀ, ਪੰਜਾਬੀ ਭਾਸ਼ਾ ਵਿਚ ਸਾਹਿਤ ਸਿਰਜਣਾ ਦੇ ਕੰਮ ਵਿਚ ਜੁਟੇ ਹੋਏ ਹਨ, ਭਾਵੇਂ ਕਿ ਅਜਿਹੇ ਪੰਜਾਬੀ ਲੋਕ ਪੌਂਡਾਂ, ਡਾਲਰਾਂ ਦੇ ਆਸਰੇ ਪੁਸਤਕਾਂ ਛਾਪ ਕੇ ਪਾਠਕਾਂ ਨਾਲ ਜੁੜਨ ਦੀ ਇੱਛਾ ਆਪਣੇ ਮਨਾਂ ਅੰਦਰ ਰੱਖਦੇ ਹਨ ਪਰ ਇਨ੍ਹਾਂ ਲੋਕਾਂ ਦੇ ਸ਼ਾਵਾਸ਼ੇ ਕਿ ਇਨ੍ਹਾਂ ਨੇ ਪੰਜਾਬੀ ਭਾਸ਼ਾ ਨਾਲ ਮੋਹ ਪਿਆਰ ਆਪਣੇ ਮਨਾਂ ਅੰਦਰ ਜੀਵਤ ਰੱਖਿਆ ਹੋਇਆ ਹੈ। ਕਈ ਅਜਿਹੇ ਪੰਜਾਬੀ ਲੇਖਕ ਤੇ ਪਾਠਕ ਵੱਖ ਵੱਖ ਦੇਸ਼ਾਂ ਵਿੱਚ ਪੰਜਾਬੀ ਸਾਹਿਤ ਸਭਾਵਾਂ ਸਥਾਪਿਤ ਕਰਕੇ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੀ ਸੇਵਾ ਲਈ ਵੀ ਕਾਰਜਸ਼ੀਲ ਹਨ।

ਪਰ ਵਿਦੇਸ਼ਾਂ ਅੰਦਰ ਪੰਜਾਬੀ ਭਾਸ਼ਾ ਨਾਲ ਆਮ ਪੰਜਾਬੀਆਂ ਦਾ ਵਿਵਹਾਰ ਉਦਾਸੀਨਤਾ ਵਾਲਾ ਹੀ ਹੈ, ਅਜਿਹਾ ਕਈ ਵਿਕਸਤ ਦੇਸ਼ਾਂ ਦਾ ਭਰਮਣ ਕਰਕੇ ਮੈਨੂੰ ਮਹਿਸੂਸ ਹੋਇਆ ਹੈ।

ਸਨ 1990 ਵਿੱਚ ਮੈਂ ਪਹਿਲੀ ਵਾਰ ਇੰਗਲੈਂਡ ਗਿਆ ਸਾਂ, ਉੱਥੇ ਲੰਡਨ ਵਿਚ ਇੱਕ ਪੰਜਾਬੀ ਪ੍ਰੇਮੀ ਸ. ਸੁਰਿੰਦਰ ਸਿੰਘ ਅਟਾਰੀਵਾਲਾ ਨੇ ਮੈਨੂੰ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨਾਲ ਸਬੰਧਤ ਆਪਣਾ ਪ੍ਰੋਜੈਕਟ ਵਿਖਾਇਆ, ਏਸ ਪ੍ਰੋਜੈਕਟ ਵਿਚ ਉਸਨੇ ਇੰਗਲੈਂਡ ਦੇ ਗੁਰਦੁਆਰਿਆਂ ਵਿੱਚ ਚੱਲਣ ਵਾਲੇ ਸਕੂਲਾਂ ਲਈ ਬਹੁਤ ਮਿਹਨਤ ਨਾਲ ਵੱਡੇ ਖਰਚੇ ਕਰਕੇ ਪੰਜਾਬੀ ਵਿੱਚ ਛਾਪ ਕੇ ਪੰਜਾਬ ਵਿਚੋਂ ਬਹੁਤ ਹੀ ਸ਼ਾਨਦਾਰ ਪਾਠ ਪੁਸਤਕਾਂ ਲਿਆਦੀਆਂ ਤੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਹੋਰ ਬਹੁਤ ਸਾਰੀਆਂ ਚੀਜ਼ਾਂ ਲਿਆਦੀਆਂ। ਇੰਗਲੈਂਡ ਦੇ ਗੁਰਦੁਆਰਿਆਂ ਵਿੱਚ ਜੁੜੇ ਇੱਕਠ ਵਿਚ ਉਸਨੇ ਆਪਣੇ ਇਸ ਸ਼ਾਨਦਾਰ ਪ੍ਰੋਜੈਕਟ ਨਾਲ ਜੋੜਨ ਲਈ ਪੰਜਾਬੀਆਂ ਨੂੰ ਅਣਗਿਣਤ ਜ਼ੋਰਦਾਰ ਬੇਨਤੀਆਂ ਕੀਤੀਆਂ ਪਰ ਉਸ ਵਲੋਂ ਸਥਾਪਿਤ ਕੀਤੇ ਗਏ ਏਸ ਕੇਂਦਰ ਦੀ ਕਿਸੇ ਵੀ ਇੰਗਲੈਂਡ ਨਿਵਾਸੀ ਪੰਜਾਬੀ ਨੇ ਸਰਦਲ ਟੱਪਣ ਵਿੱਚ ਭੋਰਾ ਵੀ ਰੁਚੀ ਨਹੀਂ ਦਿਖਾਈ।

ਮੈਂ ਬਰਮਿੰਘਮ ਗਿਆ ਤਾਂ ਇੱਥੇ ਵਸਦੇ ਪੰਜਾਬੀ ਲੇਖਕ ਸ.ਗੁਰਦਿਆਲ ਸਿੰਘ ਰਾਏ ਨੇ ਦੱਸਿਆ ਕਿ ਪੰਜਾਬੀ ਸਾਹਿਤ ਸਿੱਖਿਆ ਦੇ ਉਥਾਨ ਲਈ ਬ੍ਰਿਟਿਸ਼ ਸਰਕਾਰ ਵਲੋਂ ਹੋਰ ਸ਼ਹਿਰਾਂ ਵਾਂਗ ਬਰਮਿੰਘਮ ਵਿਚ ਵੀ ਗੁਰਦੁਆਰਿਆਂ ਵਿਚ ਪੰਜਾਬੀ ਪੜ੍ਹਾਉਣ ਵਾਲੇ ਸਕੂਲਾਂ ਲਈ ਗਰਾਂਟ ਦਿੱਤੀ ਤੇ ਸਕੂਲ ਖੋਲ੍ਹ ਦਿੱਤੇ ਗਏ ਪਰ ਇੱਥੋਂ ਦੇ ਸਕੂਲਾਂ ਵਿਚ ਕਿਸੇ ਇੱਕ ਵੀ ਸਿੱਖ ਬੱਚੇ ਨੇ ਦਾਖਲਾ ਲੈਣ ਲਈ ਬੇਨਤੀ ਨਾ ਕੀਤੀ ਕੇਵਲ 6 ਮੁਸਲਮਾਨ ਲੜਕੀਆਂ ਨੇ ਪੰਜਾਬੀ ਪੜ੍ਹਨ ਲਈ ਇੱਥੇ ਆਪਣੇ ਨਾਮ ਦਰਜ ਕਰਵਾਏ।

ਏਸ ਤੋ ਹੋਰ ਅੱਗੇ ਮੈਂ ਕਵੈਂਟਰੀ ਸ਼ਹਿਰ ਵਿਚ ਗਿਆ, ਇੱਥੇ ਮੇਰੇ ਮਿੱਤਰ ਦੇਵਿੰਦਰ ਨੌਰਾ ਮੈਨੂੰ ਇੱਕ ਲਾਇਬਰੇਰੀ ਵਿਚ ਲੈ ਕੇ ਗਿਆ ਜਿੱਥੇ ਵਿਸ਼ਵ ਦੀਆਂ ਵੱਖ ਵੱਖ ਭਾਸ਼ਾਵਾਂ ਵਿਚ ਪੁਸਤਕਾਂ ਪਈਆਂ ਸਨ, ਇੱਥੇ ਇੱਕ ਛੋਟਾ ਜਿਹਾ ਰੈਕ ਪੰਜਾਬੀ ਪੁਸਤਕਾਂ ਦਾ ਵੀ ਸੀ। ਮੈਨੂੰ ਦੱਸਿਆ ਗਿਆ ਕਿ ਕੁਝ ਸਾਲ ਪਹਿਲਾਂ ਇੱਥੇ ਪੂਰੇ ਤਿੰਨ ਵੱਡੇ ਰੈਕ ਪੰਜਾਬੀ ਪੁਸਤਕਾਂ ਦੇ ਹੁੰਦੇ ਸਨ, ਪਰ ਇਨ੍ਹਾਂ ਨੂੰ ਕਿਉਂਕਿ ਪੜ੍ਹਨ ਵਾਲਾ ਕੋਈ ਨਹੀਂ ਆਇਆ ਏਸ ਕਰਕੇ ਇਥੋਂ ਪੰਜਾਬੀ ਪੁਸਤਕ ਚੁੱਕ ਕੇ ਇਨ੍ਹਾਂ ਤਿੰਨਾਂ ਵਿਚ ਗੁਜਰਾਤੀ ਪੁਸਤਕਾਂ ਰੱਖ ਦਿੱਤੀਆਂ ਗਈਆਂ ਹਨ।

ਪੰਜਾਬ ਦੇ ਅੰਦਰ ਤੇ ਬਾਹਰ ਵਸਣ ਵਾਲੇ ਬਹੁਤੇ ਲੋਕਾਂ ਦਾ ਮਾਨਸਿਕਤਾ 'ਤੇ ਏਸ ਕਰਕੇ ਅਕਸਰ ਅਫਸੋਸ ਹੁੰਦਾ ਹੈ ਕਿ ਉਹ ਗਹਿਣਿਆਂ 'ਤੇ ਫੈਸ਼ਨ ਅਤੇ ਚਮਕ ਦਮਕ ਨਾਲ ਸ਼ਰਾਬ ਅਤੇ ਵਿਖਾਵਿਆਂ 'ਤੇ ਖਰਚ ਕਰ ਸਕਦੇ ਹਨ ਪਰ ਸਾਹਿਤਕ ਪੁਸਤਕਾਂ ਖਰੀਦਣ ਤੇ ਗੰਭੀਰ ਦ੍ਰਿਸ਼ਟੀ ਨਾਲ ਇਹ ਪੁਸਤਕਾਂ ਪੜ੍ਹਨ ਲਈ ਫਲੀ ਨਹੀਂ ਭੰਨਦੇ। ਪੰਜਾਬੀ ਭਾਸ਼ਾ ਸਾਹਿਤ ਸਾਹਿਤ ਤੇ ਸੱਭਿਆਚਾਰ ਦੇ ਹਿਤੂ ਲੋਕ ਉਸ ਦਿਨ ਦੀ ਉਡੀਕ ਕਰਦੇ ਰਹਿੰਦੇ ਹਨ, ਜਿਸ ਦਿਨ ਸਮੁੱਚੇ ਪੰਜਾਬੀ ਲੋਕ ਦੱਖਣੀ ਭਾਰਤ ਦੇ ਲੋਕਾਂ ਵਾਂਗ ਸਾਦੇ ਕੱਪੜੇ ਤੇ ਸਾਦੀਆਂ ਚੱਪਲਾਂ ਪਹਿਨ ਕੇ ਗਹਿਣਿਆਂ ਦੇ ਥਾਂ ਆਪਣੇ ਵਾਲਾਂ ਤੇ ਗਲਾਂ ਵਿਚ ਫੁੱਲਾਂ ਦੀਆਂ ਮਾਲਾਵਾਂ ਪਾ ਕੇ ਆਪਣੀ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨਾਲ ਉਸ ਤਰ੍ਹਾਂ ਦਾ ਪਿਆਰ ਕਰਨਗੇ ਜਿਵੇਂ ਦੱਖਣੀ ਭਾਰਤ ਦੇ ਲੋਕ ਆਪੋ ਆਪਣੇ ਪ੍ਰਾਂਤ ਦੇ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨਾਲ ਕਰਦੇ ਹਨ। ਆਪਣੀਆਂ ਸਾਹਿਤਕ ਲੋੜਾਂ ਵਾਸਤੇ ਕਿਸ ਹੱਦ ਤੱਕ ਪੰਜਾਬੀ ਲੇਖਕਾਂ ਨੇ ਵੀ ਪੰਜਾਬੀ ਭਾਸ਼ਾ ਦੇ ਸਰੂਪ ਅਤੇ ਆਤਮ ਨੂੰ ਚੋਟ ਪਹੁੰਚਾਉਣ ਦਾ ਕੰਮ ਕਰਨ ਤੋਂ ਗੁਰੇਜ਼ ਨਹੀਂ ਕੀਤਾ।

1960 ਦੇ ਦਹਾਕੇ ਅੰਦਰ ਪੱਛਮੀ ਸਾਹਿਤ ਦੀ ਜ਼ਮੀਨ ਵਿਚ ਜੰਮੀ ਪਲੀ ਇੱਕ ਸਾਹਿਤਕ ਧਾਰਾ ਨੇ ਹਿੰਦੀ ਦੇ ਸਾਹਿਤਕ ਖੇਤਰ ਰਾਹੀਂ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕੀਤਾ ਤਾਂ ਪੰਜਾਬੀ ਲੇਖਕਾਂ ਦੇ ਇੱਕ ਵਰਗ ਨੇ ਏਸ ਨੂੰ "ਪ੍ਰਯੋਗਸ਼ੀਲ ਲਹਿਰ" ਦਾ ਨਾਮ ਦਿੱਤਾ। ਪ੍ਰਯੋਗਸ਼ੀਲ ਲਹਿਰ ਦੇ ਬੈਨਰ ਹੇਠ ਏਸ ਲਹਿਰ ਨਾਲ ਸਬੰਧਤ ਲੇਖਕਾਂ ਨੇ ਪੰਜਾਬੀ ਸਾਹਿਤ ਵਿੱਚ ਪਹਿਲੀਆਂ ਸਥਾਪਤ ਲਹਿਰਾਂ ਅਗਰਗਾਮੀ ਪ੍ਰਗਤੀਸ਼ੀਲ ਲਹਿਰ ਨੂੰ ਪਿੱਛੇ ਧੱਕਣ ਤੇ ਕੁਝ ਵਿਲੱਖਣ ਤੇ ਨਵਾਂ ਕਰਕੇ ਵਿਖਾਉਣ ਲਈ ਪੰਜਾਬੀ ਸਾਹਿਤ ਵਿੱਚ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਥੋਕ ਵਿੱਚ ਹਿੰਦੀ ਤੇ ਸੰਸਕ੍ਰਿਤ ਦੇ ਸ਼ਬਦਾਂ ਨੂੰ ਪੰਜਾਬੀ ਭਾਸ਼ਾ ਵਿਚ ਰਲਾਉਣਾ ਸ਼ੁਰੂ ਕਰ ਦਿੱਤਾ।

ਪ੍ਰਯੋਗਸ਼ੀਲ ਲਹਿਰ ਦੇ ਕਰਤਾ ਧਰਤਾ ਤੇ ਸੰਚਾਲਕ ਡਾ. ਜਸਵੀਰ ਸਿੰਘ ਆਹਲੂਵਾਲੀਆ ਅਤੇ ਉਸ ਦੀ ਟੀਮ ਦੇ ਮੈਂਬਰ ਰਾਵਿੰਦਰ ਰਵੀ, ਹਸਰਤ, ਅਜਾਇਬ ਕਮਲ ਆਦਿ ਦੀ ਇਹ ਗੱਲ ਮੰਨੀ ਜਾ ਸਕਦੀ ਸੀ ਕਿ ਪੰਜਾਬੀ ਭਾਸ਼ਾ ਦਾ ਹਾਜ਼ਮਾ ਬਹੁਤ ਤੇਜ਼ ਹੈ, ਲੰਮੇ ਸਮੇਂ ਤੋਂ ਪੰਜਾਬੀ ਭਾਸ਼ਾ ਵਿੱਚ ਰਲੇ ਅਨੇਕਾਂ ਉਰਦੂ, ਫਾਰਸੀ ਤੇ ਇੰਗਲਿਸ਼ ਦੇ ਸ਼ਬਦ ਸ਼ੁੱਧ ਪੰਜਾਬੀ ਸਰੂਪ ਧਾਰਨ ਕਰ ਚੁੱਕੇ ਹਨ ਪਰ ਏਸ ਦਾ ਇਹ ਭਾਵ ਤਾਂ ਨਹੀਂ ਸੀ ਕਿ ਕਿਸੇ ਭਾਸ਼ਾ ਦਾ ਹਾਜ਼ਮਾ ਬਹੁਤ ਤੇਜ਼ ਹੈ ਤਾਂ ਉਸ ਨੂੰ ਇੱਟਾਂ ਪੱਥਰ ਹੀ ਖਿਲਾਉਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ।

ਪੰਜਾਬੀ ਦੇ ਉਸ ਸਮੇਂ ਦੇ ਸੁਹਿਰਦ ਭਾਸ਼ਾ ਵਿਗਿਆਨੀ ਗੰਭੀਰਤਾ ਨਾਲ ਸੋਚ ਰਹੇ ਸਨ ਕਿ ਜਿਹੜੇ ਖ਼ੂਬ-ਸੂਰਤ ਸ਼ਬਦ ਪਹਿਲਾਂ ਹੀ ਪੰਜਾਬੀ ਭਾਸ਼ਾ ਦੇ ਸ਼ੋਭਾ ਵਧਾ ਰਹੇ ਹਨ, ਉਨ੍ਹਾਂ ਦੇ ਥਾਂ ਹਿੰਦੀ, ਸੰਸਕ੍ਰਿਤ ਦੇ ਸ਼ਬਦ ਕਿਉਂ ਲਿਆਂਦੇ ਜਾਣ। ਮਸਲਨ ਜੇ ਪੰਜਾਬੀ ਭਾਸ਼ਾ ਵਿੱਚ "ਪ੍ਰਗਟਾਵਾ" ਸ਼ਬਦ ਹੈ ਤਾਂ ਫੇਰ ਏਸ ਦੇ ਥਾਂ "ਅਭਿਵਿਅਕਤੀ" ਸ਼ਬਦ ਕਿਉਂ ਵਰਤਿਆ ਜਾਵੇ?

ਹੈਰਾਨੀ ਏਸ ਗੱਲ ਦੀ ਸੀ ਕਿ ਉਸ ਸਮੇਂ ਦੇ ਉੱਘੇ ਵਿਦਵਾਨ ਤੇ ਕਈ ਭਾਸ਼ਾਵਾਂ ਦੇ ਗਿਆਤਾ ਪ੍ਰੋ. ਗੁਲਵੰਤ ਸਿੰਘ ਪੰਜਾਬੀ ਭਾਸ਼ਾ ਵਿੱਚ ਹਿੰਦੀ ਅਤੇ ਸੰਸਕ੍ਰਿਤ ਦੇ ਸ਼ਬਦਾਂ ਨੂੰ ਧੜਾਧੜ ਲਿਆਉਣ ਦੀ ਲੋੜ ਦੇ ਜ਼ੋਰ ਦਿੰਦੇ ਰਹੇ ਸਨ, ਉਹ ਦਲੀਲ ਦਿੰਦੇ ਸਨ ਕਿ ਜੇ ਪੰਜਾਬੀ ਭਾਸ਼ਾ ਵਿੱਚ ਉਸ ਦੇ ਆਪਣੇ ਪੁਰਾਣੇ ਸ਼ਬਦਾਂ ਦੀ ਥਾਂ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਲੈ ਆਂਦੇ ਜਾਣ ਤਾਂ ਪੰਜਾਬੀ ਭਾਸ਼ਾ ਦਾ ਚਿਹਰਾ ਮੋਹਰਾ ਤੇ ਸਰੂਪ ਨਹੀਂ ਬਦਲੇਗਾ ਜਿਵੇਂ-ਜੇ ਕਿਸੇ ਬੱਕਰੀ ਦੇ ਕੰਨ ਕੱਟ ਦਿੱਤੇ ਜਾਣ ਤਾਂ ਉਹ ਮੂਲੀ ਤਾਂ ਨਹੀਂ ਬਣ ਜਾਂਵੇਗੀ, ਬੱਕਰੀ ਰਹੇਗੀ।

ਮੱਧਕਾਲੀਨ ਪੰਜਾਬੀ ਸਾਹਿਤ ਦੇ ਕਵੀਆਂ ਤੇ ਲੇਖਕਾਂ ਤੋਂ ਲੈ ਕੇ ਅੱਜ ਤੱਕ ਦੇ ਲੇਖਕਾਂ ਨੇ ਆਪਣੀਆਂ ਸਾਹਿਤਕ ਲੋੜਾਂ ਲਈ ਪੰਜਾਬੀ ਭਾਸ਼ਾ ਦੀ ਵਰਤੋਂ ਕਰਦਿਆਂ ਇਸ ਦੇ ਅਸਲੀ ਸਰੂਪ ਤੇ ਆਤਮਾ ਨੂੰ ਕਿਸੇ ਤੱਕ ਨਵਿਆਇਆ ਤਾਂ ਜ਼ਰੂਰ ਹੈ ਪਰ ਇਸਨੂੰ ਵਿਗਾੜਨ ਕੁਤਾਹੀ ਨਹੀਂ ਕੀਤੀ।

ਹਿੰਦੂ ਸਿੱਖ ਤੇ ਮੁਸਲਮਾਨ ਕਵੀਆਂ ਅਤੇ ਲੇਖਕਾਂ ਨੇ ਜਾਤਾਂ ਤੇ ਫਿਰਕਿਆਂ ਦੀਆਂ ਸੀਮਾਵਾਂ 'ਤੋਂ ਉੱਚੇ ਉੱਠ ਕੇ ਆਪਣੀਆਂ ਅਣਗਿਣਤ ਖ਼ੂਬਸੂਰਤ ਤੇ ਮਹੱਤਵਪੂਰਨ ਰਚਨਾਵਾਂ ਲਈ ਪੰਜਾਬੀ ਭਾਸ਼ਾ ਦੀ ਸਹੀ ਤੇ ਮਹੱਤਵਪੂਰਨ ਰਚਨਾਵਾਂ ਲਈ ਪੰਜਾਬੀ ਭਾਸ਼ਾ ਦੀ ਸਹੀ ਤੇ ਸਾਰਥਿਕ ਢੰਗ ਨਾਲ ਵਰਤੋਂ ਕੀਤੀ, ਇੱਕ ਹਿੰਦੂ ਕਵੀ ਨੰਦ ਲਾਲ ਨੂਰਪੁਰੀ ਦਾ ਲਿਖਿਆ ਤੇ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਵਲੋਂ ਆਪਣੀ ਮਧੁਰ ਅਵਾਜ਼ ਵਿੱਚ ਗਾਇਆ ਗੀਤ "ਚੁੰਮ ਚੁੰਮ ਰੱਖਾਂ ਨੀ ਮੈਂ ਕਲਗੀ ਜੁਝਾਰ ਦੀ ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ" ਦਹਾਕਿਆਂ ਤੱਕ ਆਕਾਸ਼ਵਾਣੀ ਜਲੰਧਰ ਰਾਹੀਂ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣਿਆ ਰਿਹਾ, ਏਸ ਗੀਤ ਵਿਚੋਂ ਪੰਜਾਬੀ ਭਾਸ਼ਾ ਦੇ ਸ਼ਾਨਮੱਤੇ ਸ਼ਬਦਾਂ ਦੀ ਅਪਾਰ ਸਮਰੱਥਾ ਨਜ਼ਰ ਆਉਂਦੀ।

ਇੱਕ ਹੋਰ ਸਾਡੇ ਪੁਰਾਣੇ ਤੇ ਨਾਮਵਰ ਮੁਸਲਮਾਨ ਕਵੀ ਫਿਰੋਜ਼ਦੀਨ ਸ਼ਰਫ਼ ਨੇ ਆਪਣੀ ਏਸ ਕਵਿਤਾ ਰਾਹੀਂ ਪੰਜਾਬੀ ਭਾਸ਼ਾ ਦੇ ਮਹੱਤਵ ਨੂੰ ਬਹੁਤ ਹੀ ਸਰਲ, ਭਾਵਪੂਰਤ ਤੇ ਖ਼ੂਬਸੂਰਤ ਕਲਾ ਵਿਧੀ ਨਾਲ ਪੇਸ਼ ਕੀਤਾ ਹੈ -

ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
ਏਥੇ ਰਹਾਂ ਤੇ ਯੂ.ਪੀ. ਵਿਚ ਕਰਾਂ ਗੱਲਾਂ,
ਐਸੀ ਅਕਲ ਨੂੰ ਛਿੱਕੇ 'ਤੇ ਟੰਗਦਾ ਹਾਂ।
ਮੈਂ ਪੰਜਾਬੀ ਪੰਜਾਬ ਦਾ ਸ਼ਰਫ਼ ਸੇਵਕ,
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।

# ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪਾਵਨ ਪ੍ਰਕਾਸ਼ ਦਿਹਾੜਾ

**ਸੇਲਮਾ (ਕੈਲੇਫੋਰਨੀਆ) ਡੀ. ਡੀ. ਬੀ.–** ਧੰਨ ਧੰਨ ਸਤਿਗੁਰੂ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 640ਵਾਂ ਪਾਵਨ ਦਿਹਾੜਾ, ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈਲੇਫੋਰਨੀਆ) ਅਤੇ ਇਲਾਕਾ ਨਿਵਾਸੀ ਸਮੂਹ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਪੂਰਵਕ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਸੇਲਮਾ ਵਿਖੇ ਲੰਘੇ ਐਤਵਾਰ 19 ਮਾਰਚ ਨੂੰ ਮਨਾਇਆ ਗਿਆ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 17 ਮਾਰਚ ਨੂੰ ਆਰੰਭ ਹੋਏ ਅਤੇ 19 ਮਾਰਚ ਨੂੰ ਸਵੇਰੇ ਭੋਗ ਪਾਏ ਗਏ ਤੇ ਇਸ ਉਪਰੰਤ ਕੀਰਤਨ ਦੀਵਾਨ ਸਜਾਏ ਗਏ। ਇਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਅਵਤਾਰ ਸਿੰਘ ਜੀ ਤੇ ਸਾਥੀਆਂ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਤੋਂ ਇਲਾਵਾ ਭਾਈ ਹਰਬਲਾਸ ਸਿੰਘ ਜੀ ਦੇ ਜਥੇ ਅਤੇ ਬੀਬੀ ਕਮਲਜੀਤ ਕੌਰ ਭਾਟੀਆ ਜੀ ਨੇ ਸਤਿਗੁਰੂ ਰਵਿਦਾਸ ਜੀ ਦੇ ਗੁਰਪੁਰਬ ਮਨਾਏ ਜਾਣ ਦੀਆਂ ਵਧਾਈਆਂ ਦਿੰਦਿਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਦਿਆਂ ਰਸਭਿੰਨਾ ਸ਼ਬਦ ਗਾਇਨ ਕਰਕੇ ਗੁਰੂ ਘਰ ਹਾਜ਼ਰੀਨ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਉਪਰੰਤ ਨਵੇਂ ਵਿਚਾਰਾਂ ਨਾਲ ਪ੍ਰਵਰਤਿਤ ਸ੍ਰੀ ਰਜਿੰਦਰ ਗੰਗੜ ਨੇ ਸਟੇਜ ਦੀ ਸੇਵਾ ਸੰਭਾਲਦਿਆਂ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਆਗਮਨ ਪੁਰਬ 'ਚ ਦੂਰ ਦੁਰਾਡਿਉਂ ਪਹੁੰਚੀਆਂ ਸਮੂਹ ਸੰਗਤਾਂ ਕੋਟਿਨ-ਕੋਟਿ ਧੰਨਵਾਦ ਕਰਦਿਆਂ, ਉਹਨਾਂ ਸਭ ਨੂੰ ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਵਧਾਈਆਂ ਦਿੱਤੀਆਂ। ਸ੍ਰੀ ਰਜਿੰਦਰ ਗੰਗੜ ਨੇ ਆਪਣੇ ਵੱਲੋਂ ਦੋ ਵਿਚਾਰ ਰੱਖਦਿਆਂ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਜੀ ਦੇ ਅਧਿਆਤਮਕ ਪੱਖ ਦੇ ਨਾਲ ਨਾਲ ਭਾਰਤੀ ਸਮਾਜ ਦੇ ਉਥਾਨ ਲਈ ਸਤਿਗੁਰੂ ਰਵਿਦਾਸ ਜੀ ਦੀ ਉਸ ਸੋਚ-ਵਿਚਾਰਧਾਰਾ ਨੂੰ ਸਮਝਣ ਤੇ ਅਪਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ, ਜਿਸ ਲਈ ਸਤਿਗੁਰੂ ਰਵਿਦਾਸ ਜੀ ਨੇ ਜ਼ਿੰਦਗੀ ਭਰ ਸੰਘਰਸ਼ ਕੀਤਾ। ਉਹਨਾਂ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਨੇ ਇਕ ਅਜਿਹੀ ਸਟੇਟ/ਰਾਜ /ਦੇਸ਼ ਦੀ ਕਲਪਨਾ ਕੀਤੀ ਹੀ ਨਹੀਂ ਬਲਕਿ ਜਿੱਥੇ ਗੁਰਬਾਣੀ ਦੇ ਰੂਪ ਵਿਚ ਸਭ ਨੂੰ ਸੁਚੇਤ ਕੀਤਾ, ਉਥੇ ਉਨ੍ਹਾਂ ਪੈਦਲ ਯਾਤਰਾਵਾਂ ਕਰਕੇ ਭਾਰਤੀ ਸਮਾਜ ਦੀ ਮਰ ਚੁੱਕੀ ਜ਼ਮੀਰ ਨੂੰ ਜਗਾਇਆ ਤੇ ਬਿਪਰਵਾਦੀਆਂ ਨੂੰ ਉਧਾਰਵਾਦੀ ਰਵੱਈਆ ਅਪਣਾਉਣ ਲਈ ਪ੍ਰੇਰਿਆ ਤੇ ਇਹੀ ਵਜ੍ਹਾ ਹੈ ਕਿ ਉਹਨਾਂ ਅਭਿਮਾਨੀ, ਪਾਖੰਡੀ, ਬਿਪਰਵਾਦੀਆਂ ਨੇ ਸਤਿਗੁਰੂ ਰਵਿਦਾਸ ਜੀ ਦੀ ਨੇਕ ਵਿਚਾਰਧਾਰਾ ਨੂੰ ਸਲਾਹਿਆ ਤੇ ਆਪਣੀ ਭੁੱਖ ਬਖਸ਼ਾਉਣ ਲਈ ਡੰਡਾਉਤ ਵੰਦਨਾ ਵੀ ਕਰਨ ਲੱਗ ਪਏ। ਇਸ ਉਪਰੰਤ ਸਰਵਸ੍ਰੀ ਉਘੇ ਬਿਜਨਸਮੈਨ ਕਸ਼ਮੀਰੀ ਭਾਟੀਆ, ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ, ਨੌਜਵਾਨ ਆਗੂ ਨਵਵਿਚਾਰਾਂ ਨਾਲ ਅੱਗੇ ਵਧਣ ਵਾਲੇ ਸਟੇਜ ਸਕੱਤਰ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਅਮਰ ਦੜੌਚ, ਅਮਰੀਕ ਸਿੰਘ ਵਿਰਕ, ਸੁੱਚਾ ਰਾਮ ਭਾਰਟਾ ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਰਜਿੰਦਰ ਮੋਮੀ ਉਘੇ ਬਿਜਨਸਮੈਨ ਅਤੇ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ, ਨਵੀਨ ਵਿਚਾਰਾਂ ਦੇ ਧਾਰਨੀ ਰਾਜ ਗੁਰੂ ਮੀਤ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ, ਉਘੇ ਬਿਜਨਸਮੈਨ ਅਤੇ ਸਾਬਕਾ ਪ੍ਰਧਾਨ/ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ, ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼', ਪਿਰਥੀ ਪਾਲ ਮਹਿਮੀ ਸਮਾਜਿਕ ਏਕਤਾ ਦੇ ਹਾਮੀ ਅਤੇ ਨੌਜਵਾਨ ਨਾਮਵਰ ਸ਼ਾਇਰ ਆਦਿ ਮਹਾਂਪੁਰਖਾਂ ਦੀ ਸੋਚ ਨੂੰ ਪ੍ਰਣਾਏ ਅਜੇ ਤਨਵੀਰ ਪੀਟਾ ਚੰਦੇਲੀ ਆਦਿ ਨੂੰ ਸਟੇਜ ਦੀ ਭੂਮਿਕਾ ਨਿਭਾਅ ਰਹੇ ਸ੍ਰੀ ਰਜਿੰਦਰ ਗੰਗੜ ਨੇ ਸਤਿਗੁਰੂ ਰਵਿਦਾਸ ਪਿਤਾ ਜੀ ਦੇ ਪਾਵਨ ਪ੍ਰਕਾਸ਼ ਦਿ-ਹਾੜੇ ਤੇ ਦੋ-ਦੋ ਸ਼ਬਦ ਰੱਖਣ ਲਈ ਸੱਦਾ ਦਿੱਤਾ।

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਜੀ ਨੇ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਸਤਿਗੁਰੂ ਰਵਿਦਾਸ ਜੀ ਦੇ ਉਸ ਸ਼ਬਦ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।। ਭਾਵ ਕਿ ਸਾਨੂੰ ਹਮੇਸ਼ਾ ਸੱਚੀ ਤੇ ਸੁੱਚੀ ਸੰਗਤ ਰੱਖਣੀ ਚਾਹੀਦੀ ਹੈ, ਮਿਲ ਜੁਲ ਕੇ ਰਹਿਣਾ ਚਾਹੀਦਾ ਹੈ ਤੇ ਆਪਣੀ ਸ਼ੁੱਧ ਵਿਵਹਾਰੀ ਬਣਨਾ ਚਾਹੀਦਾ ਹੈ, ਜਿੱਥੇ ਕਿ ਸ਼ਹਿਦ ਦੀ ਮੱਖੀ ਦੀ ਉਦਾਹਰਣ ਸਤਿਗੁਰੂ ਰਵਿਦਾਸ ਜੀ ਨੇ ਦੇ ਕੇ ਆਪਣੀ ਬਾਣੀ 'ਚ ਫੁਰਮ-ਾਇਆ ਹੈ।

ਸ੍ਰੀ ਅਮਰ ਦੜੌਚ ਨੇ ਆਪਣੇ ਵਿਚਾਰਾਂ ਨੂੰ ਸੰਗਤਾਂ ਦੇ ਸਨਮੁਖ ਰੱਖਦਿਆਂ ਕਿਹਾ ਕਿ ਸਾਡਾ ਸਮਾਜ ਇਹੋ ਜਿਹਾ ਹੈ ਕਿ ਸਿਤਮ ਹੱਸ-ਹੱਸ ਕੇ ਜਰਦੇ ਨੇ, ਇਹਨਾਂ ਲੋਕਾਂ ਨੂੰ ਕੀ ਕਹੀਏ ਕਿ ਇਹ ਤਾਂ ਹੱਕ ਮੰਗਣੋਂ ਵੀ ਡਰਦੇ ਨੇ, ਸਦੀਆਂ ਤੋਂ ਇਨ੍ਹਾਂ ਦਾ ਰਿਸ਼ਤਾ ਰਿਹਾ ਨਾਲ ਗੁਲਾਮੀ, ਇਹ ਪੁਸ਼ਤ ਦਰ ਪੁਸ਼ਤ ਮਰਦੇ ਨੇ.... । ਕਿੰਨੀ ਕੜਵੀ ਸਚਾਈ ਇਨ੍ਹਾ ਸ਼ਬਦਾਂ 'ਚ ਅਮਰ ਦੜੌਚ ਨੇ ਬਿਆਨੀ। ਉਨ੍ਹਾਂ ਕਿਹਾ ਕਿ ਹਰ ਸਾਲ ਗੁਰਪੁਰਬ ਮਨ-ਾਉਣ ਦਾ ਉਦੋਂ ਹੀ ਫਾਇਦਾ ਹੈ ਜਦੋਂ ਅਸੀਂ ਗੁਰਬਾਣੀ ਅਨੁਸਾਰ ਸਤਿ, ਸੰਤੋਖ, ਵਿਚਾਰ ਨੂੰ ਸਮਝ ਲਿਆ ਅਤੇ ਸਤਿਗੁਰੂ ਰਵਿਦਾਸ ਜੀ ਦੇ ਉਸ ਵਿਚਾਰ ਨੂੰ ਚੰਗੀ ਤਰਾਂ ਵਿਚਾਰ ਲਿਆ ਕਿ ਪ੍ਰਾਧੀਨਤਾ ਹੈ ਪਾਪ, ਜਾਨ ਲਿਓ ਰੇ ਮੀਤ।। ਸਾਰ ਅੰਸ਼ ਇਹੀ ਹੈ ਕਿ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਵਿਚਾਰਨ ਦੀ ਬਹੁਤ ਲੋੜ ਹੈ ਤੇ ਉਸ ਤੋਂ ਵੱਧ ਲੋੜ ਹੈ ਅਮਲ ਕਰਨ ਦੀ।

ਸ੍ਰੀ ਸੁੱਚਾ ਰਾਮ ਭਾਰਟਾ ਨੇ ਕਿਹਾ ਕਿ ਸਾਨੂੰ ਪੜ੍ਹਾਈ-ਲਿਖਾਈ, ਸਿਹਤ, ਕਾਰੋਬਾਰ ਦੇ ਨਾਲ ਸਮਾਜਿਕ ਸਦਭਾਵਨਾ ਬਣਾਈ ਰੱਖਣ ਦੀ ਲੋੜ ਹੈ।

ਸ੍ਰੀ ਰਜਿੰਦਰ ਮੋਮੀ ਨੇ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਤੇ ਆਪਣੇ ਅਤੇ ਆਪਣੇ ਪਰਿਵਾਰ ਵੱਲੋਂ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਸਤਿਗੁਰੂ ਰਵਿਦਾਸ ਜੀ ਦੀਆਂ ਅਨਮੋਲ ਸਿੱਖਿਆਵਾਂ ਤੇ ਚੱਲਣ ਦੀ ਲੋੜ ਹੈ। ਇਸ ਉਪਰੰਤ ਸ੍ਰੀ ਰਾਜ ਗੁਰੂ ਨੇ ਵੀ ਆਪਣੇ ਅਗਾਂਹਵਧੂ ਵਿਚਾਰਾਂ ਦੀ ਸਾਂਝ ਪਾਈ। ਉਹਨਾ ਸਤਿਗੁਰੂ ਰਵਿਦਾਸ ਜੀ ਵੱਲੋਂ ਉਠਾਈ ਸੱਚ ਦੀ ਆਵਾਜ਼ ਨੂੰ ਘਰ-ਘਰ ਪਹੁੰਚਾਉਣ ਲਈ ਸੱਦਾ ਦਿੱਤਾ।

ਸ੍ਰੀ ਕਰਮ ਸਿੰਘ ਬੰਗੜ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਅੱਜ ਅਸੀਂ ਬੇਸ਼ੱਕ ਸਾਇੰਸ ਯੁੱਗ ਵਿਚ ਵਿੱਚਰ ਰਹੇ ਹਾਂ ਤੇ ਸਾਇੰਸ ਨੇ ਕਾਫੀ ਤਰੱਕੀ ਕੀਤੀ ਹੈ ਤੇ ਸਮਾਜ ਬੜੀ ਰਫਤਾਰ ਨਾਲ ਬਦਲ ਰਿਹਾ ਹੈ, ਭਾਵ ਤਬਦੀਲੀਆਂ ਆ ਰਹੀਆਂ ਹਨ ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਤਿਗੁਰੂ ਰਵਿਦਾਸ ਜੀ ਕੋਲ ਬੇਸ਼ੱਕ ਸੈਨਿਕ ਸ਼ਕਤੀ ਨਹੀਂ ਸੀ ਪਰ ਉਨ੍ਹਾਂ ਅਧਿਆਤਮਕ ਤਰੀਕੇ ਨਾਲ ਲੋਕਾਂ ਨੂੰ ਜੋੜਿਆ ਤੇ ਉਨ੍ਹਾਂ ਨੂੰ ਚੰਗੇ ਕਰਮ ਕਰਨ ਲਈ ਪ੍ਰੇਰਿਆ ਤੇ ਉਨ੍ਹਾਂ ਦਾ, ਸਮਾਜ ਦਾ ਖੂਬ ਸੁਧਾਰ ਕੀਤਾ। ਉਹਨਾਂ ਕਿਹਾ ਕਿ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਵੱਖੋ-ਵੱਖਰੇ ਖੇਤਰ ਹਨ ਪਰ ਸਾਡਾ ਸਤਿਗੁਰੂ ਰਵਿਦਾਸ ਜੀ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦ੍ਰਿੜ੍ਹ ਵਿਸ਼ਵਾਸ ਹੋਣਾ ਜ਼ਰੂਰ ਚਾਹੀਦਾ ਹੈ। ਜੇਕਰ ਅਸੀਂ ਗੁਰੂ ਘਰ ਆਉਂਦੇ ਹਾਂ ਤਾਂ ਇਸ ਦਾ ਮਤਲਬ ਹੈ ਕਿ ਸਾਡਾ ਧਾਰਮਿਕ ਵਿਸ਼ਵਾਸ ਹੈ।

ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤ ਨੂੰ ਵਧਾਈ ਦਿੰਦਿਆਂ ਸਤਿਗੁਰੂ ਰਵਿਦਾਸ ਜੀ ਵੱਲੋਂ ਦਰਸਾਏ ਮਾਰਗ 'ਤੇ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਚੱਲਿਤ ਪਾਵਨ ਵਾਕ ਨਾਮ ਜਪੋ, ਕਿਰਤ ਕਰੋ ਤੇ ਵੰਡ ਕੇ ਛਕੋ ਦੇ ਨਾਲ-ਨਾਲ ਸਤਿਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਹੁਕਮ ਚੰਗੇ ਚਰਿੱਤਰਵਾਨ ਬਣਨ ਲਈ ਆਪਾਂ ਸਾਰਿਆਂ ਨੂੰ ਅਮਲ ਕਰਨ ਦੀ ਵਚਨਬੱਧਤਾ ਦੁਹਰਾਉਂਦਿਆਂ ਮੀਡੀਏ ਦੀ ਮਹੱਤਤਾ ਬਾਰੇ ਦੋ ਸ਼ਬਦ ਰੱਖ ਕੇ ਸੰਗਤਾਂ ਨਾਲ ਸਾਂਝ ਪਾਈ। ਇਸ ਦੇ ਨਾਲ ਹੀ ਸ੍ਰੀ ਪ੍ਰਿਥੀਪਾਲ ਮਹਿਮੀ ਜੀ ਨੇ ਵਧਾਈ ਨਾਲ ਸਾਂਝ ਪਾਈ।

ਆਖਰੀ ਬੁਲਾਰੇ ਵਜੋਂ ਸ੍ਰੀ ਅਜੈ ਤਨਵੀਰ ਪੀਟਾ ਚੰਦੇਲੀ ਨੇ ਸ਼ਾਇਰਾਨਾ ਅੰਦਾਜ਼ ਵਿਚ ਕਿਹਾ ਕਿ ਭਾਰਤੀ ਇਤਿਹਾਸ ਅੰਦਰ ਸਤਿਗੁਰੂ ਰਵਿਦਾਸ ਜੀ ਹੀ ਹਨ, ਜਿਨ੍ਹਾਂ ਨੂੰ ਸਮੇਂ-ਸਮੇਂ ਕ੍ਰਾਂਤੀਕਾਰੀ ਅਤੇ ਇਕ ਮਹਾਨ ਇਨਕਲਾਬੀ ਰਹਿਬਰ ਅਤੇ ਸਮਾਜਵਾਦ ਦੇ ਮੋਢੀ ਵਜੋਂ ਯਾਦ ਕੀਤਾ ਜਾਂਦਾ ਹੈ ਤੇ ਲਿਖਿਆ ਵੀ ਜਾਂਦਾ ਹੈ, ਜਿਹਨਾਂ ਟੱਜ ਤੋਂ 620 ਸਾਲ ਪਹਿਲਾਂ ਭਰ ਜਵਾਨੀ 'ਚ ਇਕ ਅਜਿਹੇ ਸਮਾਜਵਾਦ ਦੀ ਕਲਪਨਾ ਕੀਤੀ ਕਿ:

ਐਸਾ ਚਾਹੂੰ ਰਾਜ ਮੈਂ ਜਹਾ ਮਿਲ ਸਭਨ ਕੋ ਅੰਨ
ਛੋਟ ਬੜੇ ਸਭ ਸਮ ਵਸੈ ਰਵਿਦਾਸ ਰਹੇ ਪ੍ਰਸੰਨ।।

ਅਤੇ ਗੁਰਬਾਣੀ 'ਚ ਬਿਰਾਜਮਾਨ ਸ਼ਬਦ
ਬੇਗਮਪੁਰਾ ਸਹਰ ਕੋ ਨਾਉ।।

ਸ਼ਬਦ ਰਾਹੀਂ ਜੋ ਸਤਿਗੁਰੂ ਰਵਿਦਾਸ ਜੀ ਨੇ ਇਕ ਸੁਨਿਹਰੀ ਸਮਾਜਵਾਦ ਦਾ ਸਭ ਤੋਂ ਪਹਿਲਾਂ ਸੰਦੇਸ਼ ਦਿੱਤਾ, ਉਹ ਪੂਰੇ ਵਿਸ਼ਵ ਲਈ ਇਕ ਮਹਾਨ ਆਦਰਸ਼ ਹੈ। ਉਸ ਆਦਰਸ਼ ਦੀ ਗੱਲ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਹਲੀਮੀ ਰਾਜ ਰਾਹੀਂ ਸਾਨੂੰ ਸਮਝਾਉਂਦੇ ਹਨ।

ਹੋਰ ਤਾਂ ਹੋਰ ਤੁਲਨਾਤਮਕ ਅਧਿਐਨ ਤੋਂ ਦੇਖੀਏ ਤਾਂ ਯੂਨਾਈਟਿਡ ਨੇਸ਼ਨਜ਼ ਦੇ ਆਰਟੀਕਲ ਨੰਬਰ ਇਕ ਬੇਗਮਪੁਰਾ ਦੇ ਵਿਚਾਰਾਂ ਦੀ ਸਮਰੂਪਤਾ ਦਿਖਾਈ ਦਿੰਦੀ ਹੈ ਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੁਆਰਾ ਲਿਖੀ ਕਿਤਾਬ 'ਅਛੂਤ ਕੌਣ ਤੇ ਕਿਵੇਂ", ਨੰਦਨਾਰ, ਰਵਿਦਾਸ ਤੇ ਚੋਖਾ ਮੇਲਾ ਮਹਾਂਪੁਰਸ਼ਾਂ ਨੂੰ ਸਮਰਪਿਤ ਕਰਨ ਤੋਂ ਲੱਗਦਾ ਹੈ ਕਿ ਡਾ. ਅੰਬੇਡਕਰ ਜੀ ਨੇ ਸਤਿਗੁਰੂ ਰਵਿਦਾਸ ਜੀ ਦੇ ਗੁਰੂ ਗ੍ਰੰਥ ਸਾਹਿਬ ਅੰਦਰ ਬਿਰਾਜਮਾਨ 40 ਸ਼ਬਦ ਤੇ ਇਕ ਸਲੋਕ ਖਾਸ ਕਰਕੇ ਬੇਗਮਪੁਰਾ ਸ਼ਬਦ ਦਾ ਗਹਿਨ ਅਧਿਐਨ ਕੀਤਾ ਹੋਵੇਗਾ। ਇਸੇ ਲਈ ਤਾਂ ਉਨ੍ਹਾਂ ਭਾਰਤੀ ਸੰਵਿਧਾਨ ਤਿਆਰ ਕਰਨ ਵਕਤ ਪ੍ਰਸਤਾਵਨਾ 'ਚ ਨਿਆਂ, ਸੁਤੰਤਰਤਾ, ਬਰਾਬਰੀ ਅਤੇ ਭਾਈਚਾਰਾ ਜੋ ਸਤਿਗੁਰੂ ਰਵਿਦਾਸ ਜੀ ਆਪਣੇ ਪਾਵਨ ਸ਼ਬਦ :

ਬੇਗਮਪੁਰਾ ਸਹਰ ਕੋ ਨਾਉ।।

ਅੰਦਰ ਪਹਿਲਾਂ ਹੀ ਕਰ ਚੁੱਕੇ ਹਨ ਪਰ ਅਸੀਂ ਭਾਰਤੀ ਸਮਾਜ ਦੇ ਲੋਕਾਂ ਨੇ ਸਤਿਗੁਰੂ ਰਵਿਦਾਸ ਜੀ ਨੂੰ ਸਾਧੂ ਸੰਤ ਤੱਕ ਹੀ ਸੀਮਤ ਕਰ ਰੱਖਿਆ। ਜੇਕਰ ਭਾਰਤੀ ਸਮਾਜ ਸਤਿਗੁਰੂ ਰਵਿਦਾਸ ਜੀ ਉਪਰੋਕਤ ਸ਼ਬਦ ਨੂੰ ਗਹੁ ਨਾਲ ਵਿਚਾਰਦਾ ਤੇ ਸੱਚੇ ਦਿਲੋਂ ਅਮਲ ਕਰਦਾ ਤਾਂ ਭਾਰਤ ਅੰਦਰ ਅੱਜ ਸਤਿਗੁਰੂ ਰਵਿਦਾਸ ਜੀ ਦੀ ਸੋਚ ਵਰਗਾ ਸਮਾਜ ਤੇ ਰਾਜ ਹੁੰਦਾ। ਸ੍ਰੀ ਪੀਟਾ ਨੇ ਇਸੇ ਤਰ੍ਹਾਂ ਹੋਰ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਸਾਨੂੰ ਆਪਣੇ ਆਦਿ ਮਹਾਂਪੁਰਖਾਂ ਦੇ ਅਸਲ ਇਤਿਹਾਸ ਤੋਂ ਵਾਕਫ ਹੋਣ ਦੀ ਸਖਤ ਜ਼ਰੂਰਤ ਹੈ। ਉਸ ਦੇ ਲਈ ਜ਼ਰੂਰ ਚੰਗਾ ਸਾਹਿਤ ਪੜ੍ਹੀਏ ਤੇ ਇਕ ਦੂਜੇ ਨੂੰ ਕਿਸੇ ਹੋਰ ਗਿਫਟ ਨਾਲੋਂ ਚੰਗੀਆਂ ਕਿਤਾਬਾਂ ਦਾ ਗਿਫਟ ਦੇ ਕੇ ਚੰਗੇ ਸਮਾਜ ਦੀ ਸਿਰਜਣਾ 'ਚ ਆਪਣਾ ਯੋਗਦਾਨ ਪਾਈਏ।

### ਭਾਈ ਹਰਬਲਾਸ ਸਿੰਘ ਝਿੰਗੜ

ਅੱਜ ਦੇ ਇਸ ਪਾਵਨ ਦਿਹਾੜੇ ਮੌਕੇ ਭਾਈ ਹਰਬਲਾਸ ਸਿੰਘ ਝਿੰਗੜ ਜੀ ਨੇ ਸ਼ਬਦ ਗਾਇਨ ਦੇ ਨਾਲ ਨਾਲ ਆਪਣੇ ਸੁਭਾਅ ਮੁਤਾਬਕ (ਆਪ ਰਿਪਬਲਿਕਨ ਪਾਰਟੀ ਆਫ ਇੰਡੀਆ ਪੰਜਾਬ ਅੰਦਰ ਰਹਿ ਕੇ ਕੰਮ ਕਰ ਚੁੱਕੇ ਹਨ) ਵਿਚਾਰ ਰੱਖਦਿਆਂ ਕਿਹਾ ਕਿ ਗੁਰੂ ਰਵਿਦਾਸ ਜੀ ਦਾ ਗਿਆਨ ਉਹਨਾਂ ਦੇ 40 ਸ਼ਬਦ ਦਾ ਸਾਰ ਅੰਸ਼ ਉਹਨਾਂ ਦੀ ਆਰਤੀ ਵਿਚ ਹੈ। ਗੁਰੂ ਰਵਿਦਾਸ ਜੀ ਦੀ ਆਰਤੀ ਤੇ ਗੁਰੂ ਨਾਨਕ ਦੇਵ ਜੀ ਦੀ ਆਰਤੀ ਮੇਲ ਖਾਂਦੀਆਂ ਹਨ, ਇਕੋ ਵਿਚਾਰਧਾਰਾ ਹੈ। ਭਰਮਾਂ, ਪਾਖੰਡਾਂ, ਵਹਿਮਾਂ ਤੋਂ ਸਾਨੂੰ ਰੋਕਿਆ ਹੈ ਕਿਉਂਕਿ ਉਸ ਸਮੇਂ ਸੰਸਾਰ ਦੇ ਅੰਦਰ ਬ੍ਰਾਹਮਣ ਦਾ ਬੋਲਬਾਲਾ ਸੀ, ਜੋ ਬ੍ਰਾਹਮਣ ਕਹਿੰਦਾ ਉਹ ਭਾਰਤ ਦੇ ਲੋਕ ਕਰਦੇ, ਜੋ ਉਸ ਨੇ ਕਹਿ ਦਿੱਤਾ, ਅਸੀਂ ਮੰਨ ਲਿਆ, ਜੇਕਰ ਬ੍ਰਾਹਮਣ ਨੇ ਕਹਿ ਦਿੱਤਾ ਕਿ ਜਿਹੜੀ ਮਿੱਟੀ ਦੀ ਬਣਾਈ ਮੂਰਤ ਹੈ, ਇਹ ਭਗਵਾਨ ਹੈ ਤਾਂ ਅਸੀਂ ਮੰਨ ਲਿਆ। ਅਕਾਲ ਪੁਰਖ ਨਾਲੋਂ ਪ੍ਰਮਾਤਮਾ ਰਾਮ, ਹਰਿ ਨਾਲੋਂ ਸਾਨੂੰ ਤੋੜ ਕੇ ਮੂਰਤੀ ਨਾਲ ਜੋੜ ਦਿੱਤਾ।

ਬ੍ਰਾਹਮਣ ਕਹਿੰਦਾ ਹੈ ਕਿ ਇਹ ਮੂਰਤੀ ਖਾਂਧੀ ਵੀ ਹੈ ਤਾਂ ਅਸੀਂ ਪਦਾਰਥ ਲਿਆ ਕੇ ਮੰਦਰਾਂ 'ਚ ਢੇਰ ਲਗਾ ਦਿੱਤੇ, ਉਸਨੇ ਕਿਹਾ ਕਿ ਇਹ ਕੱਪੜੇ ਵੀ ਪਹਿਨਦੀ ਹੈ ਤਾਂ ਅਸੀਂ ਸੋਹਣੇ-ਸੋਹਣੇ ਕੱਪੜੇ ਵੀ ਲਿਆ ਕੇ ਰੱਖ ਦਿੱਤਾ, ਉਹ ਕਹਿੰਦੇ ਇਹ ਹੀਰੇ ਜਵਾਹਰਾਤ, ਗਹਿਣੇ ਵੀ ਪਹਿਨਦੀ ਹੈ ਅਸੀਂ ਉਹ ਵੀ ਲਿਆ ਕੇ ਮੰਦਰਾਂ 'ਚ ਢੇਰ ਸਾਰਾ ਸੋਨਾ ਵੀ ਰੱਖ ਦਿੱਤਾ, ਜਿਸ ਦਾ ਕੋਈ ਹਿਸਾਬ ਨਹੀਂ, ਜੋ ਅੱਜ ਕੁਇੰਟਲਾਂ ਦੇ ਹਿਸਾਬ ਨਾਲ ਮੰਦਰਾਂ 'ਚ ਪਿਆ ਹੈ, ਹਜ਼ਾਰਾਂ ਸਾਲਾਂ ਤੋਂ ਅਸੀ ਚੜ੍ਹਾ ਰਹੇ ਹਾਂ ਸੋਨਾ, ਹੱਦ ਤਾਂ ਉਦੋਂ ਮੁੱਕ ਗਈ ਜਦੋਂ ਬ੍ਰਾਹਮਣ ਪੁਜਾਰੀ ਕਹਿੰਦਾ ਕਿ ਇਏ ਜਿਹੜੀ ਮੂਰਤੀ ਹੈ, ਇਹ ਜਿਹੜਾ ਦੇਵਤਾ ਹੈ, ਵਿਆਹ ਵੀ ਕਰਦਾ ਹੈ, ਸਮਾਜ ਨੇ ਨੌਜਵਾਨ ਲੜਕੀਆਂ ਮੰਦਰ 'ਚ ਲਿਜਾ ਕੇ ਖੜ੍ਹੀਆਂ ਕਰ ਦਿੱਤੀਆਂ। ਵਿਦੇਸ਼ੀ ਹਮਲਾਵਰਾਂ ਨੇ ਧਨ ਦੌਲਤ ਸੋਨਾ ਗਹਿਣੇ, ਜੋਬਨ ਲੁੱਟਿਆ।

ਧੰਨ ਧੰਨ ਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਸਮਾਜ ਨੂੰ ਵਹਿਮ-ਭਰਮ, ਕੁਰੀਤੀਆਂ ਤੋਂ ਰੋਕਿਆ। ਪਹਿਲਾਂ ਤਾਂ ਉਨ੍ਹਾਂ ਨੇ ਕਿਹਾ ਕਿ ਸਭ ਤੋਂ ਪਹਿਲਾਂ ਮੰਦਰਾਂ 'ਚ ਹੋ ਰਹੀ ਆਰਤੀ ਰੋਕਦਾ ਹਾਂ, ਭਾਵ ਖੰਡਨ ਕਰਦਾ ਹਾਂ। ਮੰਦਰ 'ਚ ਜੋ ਕੁਝ ਚੜ੍ਹਦਾ ਹੈ, ਇਸ ਨੂੰ ਮੈਂ ਰੋਕਦਾ ਹਾਂ, ਲੋੜ ਨਹੀਂ ਕਿਸੇ ਪੂਜਾ ਦੀ, ਲੋੜ ਨਹੀਂ ਚੰਦਨ ਤੇ ਫੁੱਲਾਂ ਦੀ, ਕੇਸਰ ਦੀ ਲੋੜ ਨਹੀਂ, ਪਦਾਰਥ ਲੱਡੂਆਂ ਦੀ ਲੋੜ ਨਹੀਂ, ਰੋਕ ਦਿੱਤਾ ਸਾਰਾ ਕੁਝ ਪਰ ਫਿਰ ਵੀ ਅਸੀਂ ਕਰਦੇ ਹਾਂ।

ਸਤਿਗੁਰੂ ਰਵਿਦਾਸ ਜੀ ਨੇ ਸਾਨੂੰ ਨਾਮ ਤੇਰੋ ਆਰਤੀ ਮਜਨੁ ਮੁਰਾਰੇ.. ਭਾਵ ਉਸ ਅਕਾਲ ਪੁਰਖ ਨੂੰ ਸੱਚਾ ਸੁੱਚਾ ਨਾਮ 'ਸਤਿਨਾਮ' ਦੇ ਨਾਲ ਯਾਦ ਕਰੀਏ। । ਆਓ ਆਪਾਂ ਸਤਿਗੁਰੂ ਰਵਿਦਾਸ ਜੀ ਦੀ ਅਸਲ ਵਿਚਾਰਧਾਰਾ ਨੂੰ ਆਪਣੇ ਹਿਰਦੇ ਵਿਚ ਧਾਰਨ ਕਰੀਏ।

ਭਾਈ ਹਰਬਲਾਸ ਸਿੰਘ ਜੀ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਦਾ ਅਟਲ ਫੁਰਮਾਨ ਹੈ ਕਿ ਉਸ ਅਕਾਲ ਪੁਰਖ ਨੂੰ ਯਾਦ ਕਰਨ ਦਾ ਇਕੋ ਤਰੀਕੇ ਉਸ ਦਾ ਨਾਮ ਸਤਿਨਾਮ ਜਪਣਾ ਹੈ, ਜਿਵੇਂ ਉਹ ਆਪਣੀ ਪਾਵਨ ਆਰਤੀ ਵਿਚ ਕਹਿੰਦੇ ਹਨ ਕਿ:

ਕਹਿ ਰਵਿਦਾਸ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ।।

ਸੋ ਅਕਾਲ ਪੁਰਖ ਯਾਦ ਕਰਦੇ ਕੁਝ ਵੀ ਭੇਟ ਕਰਦੇ ਹਾਂ ਤਾਂ ਸਭ ਜੂਠਾ-ਝੂਠਾ ਹੈ, ਤੇ ਕੁਝ ਵੀ ਸੱਚਾ-ਸੁੱਚਾ ਨਹੀਂ ਸਿਵਾਏ ਉਸ ਦੇ ਨਾਮ, ਸਤਿਨਾਮੁ ਤੋਂ।

ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਪ੍ਰਮਾਤਮਾ ਨੂੰ ਭੋਗ ਨਹੀਂ ਲੱਗਦਾ। ਉਹ ਨਹੀਂ ਖਾਂਦਾ, ਉਹ ਤੇ ਜੰਮਦ-ਮਰਦਾ ਨਹੀਂ, ਪ੍ਰਮਾਤਮਾ ਨਿਰੰਜਨ ਹੈ। ਸੋ ਉਸ ਨੂੰ ਸਤਿਨਾਮੁ ਰਾਹੀਂ ਅਸੀਂ ਭੋਗ ਲਗਾ ਸਕਦੇ ਹਾਂ। ਅਖੀਰ ਉਨ੍ਹਾ ਹਫਤਾਵਰੀ ਅਖਬਾਰ 'ਦੇਸ਼ ਦੁਆਬਾ' ਦਾ ਸਤਿਕਾਰ ਕਰਦਿਆਂ ਕਿਹਾ ਕਿ ਇਕੋ ਇਕ ਅਖਬਾਰ ਕਿਸੇ ਵੀ ਭੇਦ-ਭਾਵ ਤੋਂ ਉਪਰ ਉਠ ਕੇ ਜਾਤ-ਪਾਤ ਤੋਂ ਉਪਰ ਉਠ ਕੇ ਇੰਨੇ ਵਧੀਆ ਸੁਝਾਅ ਸਮਾਜ ਨੂੰ ਦੇ ਰਹੇ ਹਨ, ਸਾਨੂੰ 'ਦੇਸ਼ ਦੁਆਬਾ' ਅਖਬਾਰ ਨਾਲ ਜੁੜ ਕੇ ਫਾਇਦਾ ਉਠਾਉਣਾ ਚਾਹੀਦਾ ਹੈ। ਮੈਂ ਇਸ ਦੇ ਮੁੱਖ ਸੰਪਾਦਕ ਦਾ ਵੀ ਧੰਨਵਾਦ ਕਰਦਾ ਹਾਂ। ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਕੈਲੇਫੋਰਨੀਆ ਦੀਆਂ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਆਦਿ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਅਖੀਰ 'ਚ ਸ੍ਰੀ ਰਾਜਿੰਦਰ ਗੰਗੜ ਨੇ ਸਟੇਜ ਦੀ ਸੇਵਾ ਬਾਖੂਬੀ ਨਾਲ ਨਿਭਾਉਂਦਿਆਂ ਸਭਨਾਂ ਦਾ ਧੰਨਵਾਦ ਕੀਤਾ ਤੇ ਇਸੇ ਤਰ੍ਹਾਂ ਗੁਰੂ ਘਰ ਨਾਲ ਜੁੜੇ ਰਹਿਣ ਲਈ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ। ਸਾਰਾ ਦਿਨ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। **(ਸਬੰਧਿਤ ਤਸਵੀਰਾਂ ਸਫਾ 23 ਤੇ)**

# ਗਜਟਿਡ ਅਤੇ ਨਾਨ ਗਜਟਿਡ ਐਸ.ਸੀ.ਬੀ.ਸੀ. ਇੰਪਲਾਇਜ਼ ਵੈਲਫੇਅਰ ਫੈਡਰੇਸ਼ਨ ਦੇ ਅਹੁਦੇਦਾਰਾਂ ਦੀ ਚੋਣ

**ਫਗਵਾੜਾ (ਰੱਤੂ)–** ਗਜਟਿਡ ਅਤੇ ਨਾਨ ਗਜਟਿਡ ਐਸ.ਸੀ.ਬੀ.ਸੀ. ਇੰਪਲਾਇਜ ਵੈਲਫੇਅਰ ਫੈਡਰੇਸ਼ਨ ਦੀ ਇਕ ਜਰੂਰੀ ਮੀਟਿੰਗ ਜਿਲ੍ਹਾ ਪ੍ਰਧਾਨ ਸਤਵੰਤ ਟੂਰਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਜਸਵੀਰ ਸਿੰਘ ਪਾਲ ਚੇਅਰਮੈਨ ਪੰਜਾਬ ਅਤੇ ਸੂਬਾ ਪ੍ਰਧਾਨ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤਹਿਸੀਲ ਫਗਵਾੜਾ ਦੇ ਅਹੁਦੇਦਾਰਾਂ ਦੀ ਸਰਬ ਸੰਮਤੀ ਨਾਲ ਚੋਣ ਕਰਦੇ ਹੋਏ ਕੁਲਦੀਪ ਕੁਮਾਰ ਨੂੰ ਚੇਅਰਮੈਨ, ਜੋਗਿੰਦਰ ਪਾਲ ਨੂੰ ਤਹਿਸੀਲ ਪ੍ਰਧਾਨ, ਬਲਵਿੰਦਰ ਕੁਮਾਰ ਮਲਕਪੁਰ ਨੂੰ ਸੀਨੀਅਰ ਮੀਤ ਪ੍ਰਧਾਨ, ਨਵਤੇਜ ਸਿੰਘ ਨੂੰ ਜਨਰਲ ਸਕੱਤਰ ਅਤੇ ਸਤੀਸ਼ ਕੁਮਾਰ ਲੱਖਪੁਰ ਨੂੰ ਖਜਾਨਚੀ ਐਲਾਨਿਆ ਗਿਆ। ਇਸੇ ਤਰ੍ਹਾਂ ਮਹਿਲਾ ਵਿੰਗ ਦੀ ਚੋਣ ਕਰਦੇ ਹੋਏ ਸ੍ਰੀਮਤੀ ਜਗੀਰ ਕੌਰ ਨੂੰ ਪ੍ਰਧਾਨ, ਮਨਜੀਤ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ, ਮੈਡਮ ਰਾਣੀ ਨੂੰ ਮੀਤ ਪ੍ਰਧਾਨ, ਕੁਲਵਿੰਦਰ ਕੌਰ ਨੂੰ ਜਨਰਲ ਸਕੱਤਰ ਅਤੇ ਨਛੱਤਰ ਕੌਰ ਨੂੰ ਖਜਾਨਚੀ ਨਿਯੁਕਤ ਕੀਤਾ ਗਿਆ। ਇਸ ਤੋਂ ਪਹਿਲਾਂ ਦਲਿਤ ਸਮਾਜ ਦੀਆਂ ਸਮੱਸਿਆਵਾਂ ਆਬਾਦੀ ਅਨੁਸਾਰ ਰਾਖਵਾਂਕਰਣ, ਬੱਚਿਆਂ ਦੇ ਵਜੀਫੇ ਹਰ ਸਾਲ ਜਾਰੀ ਕਰਨ, ਪਰਸੋਨਲ ਵਿਭਾਗ ਵਲੋਂ ਅਕਤੂਬ 2014 ਵਿਚ ਜਾਰੀ ਪੱਤਰ ਰੱਦ ਕਰਾਉਣ, ਸ਼ਗਨ ਸਕੀਮਾਂ ਦੇ ਪੈਸੇ ਜਾਰੀ ਕਰਾਉਣ, ਭਰਤੀ ਅਤੇ ਤਰੱਕੀ ਵਿਚ ਰਾਖਵਾਂਕਰਣ ਅਤੇ ਮੈਡੀਕਲ ਵਿਚ ਰਾਖਵਾਂਕਰਣ ਦਾ ਕੋਟਾ ਬਹਾਲ ਕਰਾਉਣ ਆਦਿ ਮੰਗਾਂ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਜਿਲ੍ਹਾ ਪ੍ਰਧਾਨ ਸਤਵੰਤ ਟੂਰਾ ਨੂੰ ਭਰੋਸਾ ਦਿੱਤਾ ਕਿ ਦਲਿਤ ਮੰਗਾਂ ਨੂੰ ਲੈ ਕੇ ਗੰਭੀਰਤਾ ਨਾਲ ਸੰਘਰਸ਼ ਕੀਤਾ ਜਾਵੇਗਾ।






ਇਸ ਮੌਕੇ ਹੋਰਨਾਂ ਤੋਂ ਇਲਾਵਾ ਗਿਆਨ ਚੰਦ ਵਾਹਦ, ਪ੍ਰਿੰਸੀਪਲ ਸੁਰਿੰਦਰ ਕੁਮਾਰ, ਗੁਰਮੀਤ ਰਾਮ ਲੁੱਘਾ, ਮਨਜੀਤ ਗਾਟ, ਜਸਵੀਰ ਭੰਗੂ, ਅਸ਼ੋਕ ਵਾਹਦ, ਅਜੇ, ਲਖਵੀਰ ਚੰਦ, ਗਿਆਨ ਸਿੰਘ, ਪਰਮਜੀਤ ਕੁਮਾਰ, ਵਿਜੇ ਹਰਦਾਸਪੁਰ, ਦੀਸ਼ ਕੁਮਾਰ, ਹਰਦੀਪ, ਰਾਮਪਾਲ, ਸੁਰਿੰਦਰ ਕੁਮਾਰ ਜਗਦੀਸ਼ ਸਿੰਘ, ਮਨੋਜ ਕੁਮਾਰ, ਸੰਦੀਪ ਕੁਮਾਰ, ਕਮਲ ਕੁਮਾਰ, ਅਨੁਪਮ ਕੰਵਲ, ਪਰਮਜੀਤ ਕੌਰ, ਪਰਵੀਨ ਬਾਲਾ, ਸੁਮਿਤਾ, ਬਲਵਿੰਦਰ ਕੌਰ, ਸੁਖਵਿੰਦਰ ਕੌਰ, ਸੁਨੀਤਾ ਰਾਹੁਲ, ਤ੍ਰਿਪਤਾ ਦੇਵੀ, ਰਾਜ ਰਾਣੀ, ਕੁਲਵਿੰਦਰ ਕੌਰ ਆਦਿ ਵੀ ਹਾਜਰ ਸਨ।


ਜੈ ਭੀਮ - ਜੈ ਭਾਰਤ
ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ
ਬਹੁਜਨ ਨਾਇਕ
ਸਾਹਿਬ ਕਾਂਸ਼ੀ ਰਾਮ ਜੀ
ਦੇ ਜਨਮ ਦਿਵਸ ਦੇ ਮੌਕੇ ਤੇ
ਲੱਖ-ਲੱਖ ਮੁਬਾਰਕਾਂ
ਬਸਪਾ ਸਪੋਰਟਰਜ਼ (ਯੂ. ਐਸ. ਏ.) ਉਹਨਾਂ ਸਾਰੇ ਹੀ ਭੈਣ ਭਰਾਵਾਂ ਦਾ ਤਹਿ ਦਿਲੋਂ ਧੰਨਵਾਦੀ ਹੈ, ਜਿਹਨਾਂ ਨੇ ਪਿਛਲੇ ਮਹੀਨੇ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ 2017 ਦੌਰਾਨ ਬਸਪਾ ਨੂੰ ਵੋਟ ਅਤੇ ਸਪੋਰਟ ਕੀਤੀ। ਅਸੀਂ ਉਹਨਾਂ ਵੋਟਰਾਂ ਅਤੇ ਸਪੋਰਟਰਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ।
HARBLAS SINGH JHINGER
AMAR DAROCH
MAKHAN LOHAR
DEEPAK SAROYA
RAJINDER GANGER
PAWAN SAROYA
PALWINDER MAHI
NANAK SINGH
RAJ GURU
PIRTHI MEHMI
AJAY TANVEER
RAJ KUMAR JASSI
Satnam Singh Bangar
Jagdev Singh
RAJ KUMAR SOOD
JAGTAR DAROCH
SUNIL BADHAN
B.S.P. SUPPORTERS U.S.A.

# ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪਾਵਨ ਪ੍ਰਕਾਸ਼ ਦਿਹਾੜਾ





ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




























(ਸਬੰਧਿਤ ਖਬਰ ਸਫਾ 21 ਤੇ)

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ

## ਸੰਨ 1917 ਦੇ ਗਦਰੀ ਸ਼ਹੀਦਾਂ ਦੀ ਸ਼ਤਾਬਦੀ ਨੂੰ ਸਮਰਪਿਤ

# 17ਵਾਂ ਮੇਲਾ ਗਦਰੀ ਬਾਬਿਆਂ ਦਾ

ਇਸ ਵਾਰ ਨਵੀਂ ਥਾਂ ਤੇ

ਕਰਨੀਲੀਆ ਅਤੇ ਡਕੋਟਾ ਦੇ ਕੌਰਨਰ ਤੇ

2 ਅਪ੍ਰੈਲ 2017 ਦਿਨ ਐਤਵਾਰ 12 ਵਜੇ ਤੋਂ ਸ਼ਾਮ 6 ਵਜੇ ਤੱਕ

Central High School (East), Gymnasium 3535 N Cornelia Ave,
Fresno, CA 93722

ਸਮੂਹ ਸਾਥੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

New Location

Corner of Cornelia & Dakota


ਡਾ ਅਰੂੜ ਸਿੰਘ


ਹਰਨਾਮ ਸਿੰਘ ਸੈਣੀ


ਬਲਵੰਤ ਸਿੰਘ ਖੁਰਦਪੁਰ


ਡਾ ਮਥਰਾ ਸਿੰਘ


ਹਾਫਿਜ਼ ਅਬਦੁਲਾ


ਜਵੰਦ ਸਿੰਘ ਨੰਗਲ ਕਲਾਂ


ਮੁੱਖ ਬੁਲਾਰੇ
ਪ੍ਰੋ. ਨਰੰਜਨ ਸਿੰਘ ਢੇਸੀ

## ਪ੍ਰੋਗਰਾਮ

* ਮੁੱਖ ਮਹਿਮਾਨ 'ਤੇ ਬੁਲਾਰੇ: ਪ੍ਰੋ. ਨਰੰਜਨ ਸਿੰਘ ਢੇਸੀ, ਸਾਬਕਾ ਮੁਖੀ ਪੰਜਾਬੀ ਵਿਭਾਗ ਖਾਲਸਾ ਕਾਲਜ ਜਲੰਧਰ ਹੋਣਗੇ।
* ਬੁਲੰਦ ਅਵਾਜ਼ ਦੇ ਮਾਲਕ ਗਾਇਕ ਜੀਤਾ ਗਿੱਲ, ਹਰਜੀਤ ਮਰਸਿਡ, ਧਰਮਵੀਰ ਥਾਂਦੀ, ਜੋਤ ਰਣਜੀਤ ਅਤੇ ਗਾਇਕ ਰਜਿੰਦਰ ਸਿੰਘ (ਰਾਜ ਬਰਾੜ) ਇਨਕਲਾਬੀ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ।
* ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਇਕ ਵਿਸ਼ੇਸ਼ ਆਈਟਮ ਪੇਸ਼ ਹੋਵੇਗੀ।
* ਬੱਚਿਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ 'ਤੇ ਸਿਮਰਨ ਹੇਅਰ ਵਲੋਂ ਤਿਆਰ ਹੇਅਰ ਮੀਡੀਆ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।
* 4.0 ਜੀ ਪੀ ਏ ਗਰੇਡ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

Note: students with 4.0 grade should register at IAHForum@gmail.com


ਮੰਚ ਸੰਚਾਲਿਕਾ
ਆਸ਼ਾ ਸ਼ਰਮਾ

## ਮੇਲਾ ਕਮੇਟੀ

ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿੱਲੋਂ, ਮਹਿੰਦਰ ਸਿੰਘ ਢਾਹ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸ਼ਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਰੂਬੀ ਸੰਘਾ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਸਿੰਘ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਗੁਰਮੀਤ ਗਾਜੀਆਣਾ, ਗੁਰਪ੍ਰੀਤ ਖਾਨਖਾਨਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ. ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਬਲਵਿੰਦਰ ਸਿੰਘ ਜਾਡਲਾ, ਟਹਿਲ ਸਿੰਘ ਢੇਸੀ, ਗੁਰਮੀਤ ਸਿੰਘ ਰਾਏਪੁਰ ਡੱਬਾ, ਸੁਖਦੇਵ ਸਿੰਘ ਚੀਮਾ, ਮਨਵੀਰ ਸਿੰਘ ਭੁੱਲਰ, ਸੁਰਜੀਤ ਸਿੰਘ ਸੰਧੂ, ਕਰਮਜੀਤ ਸਿੰਘ ਸਹੋਤਾ।


ਜੋਤ ਰਣਜੀਤ


ਧਰਮਵੀਰ ਥਾਂਦੀ


ਜੀਤਾ ਗਿੱਲ


ਰਜਿੰਦਰ ਸਿੰਘ (ਰਾਜ ਬਰਾੜ)


ਹਰਜੀਤ ਸਿੰਘ

## ਸਪਾਂਸਰਜ਼

ਗੁਲਬਿੰਦਰ ਸਿੰਘ ਢੇਸੀ, ਅਟਵਾਲ ਬ੍ਰਦਰਜ਼ ਫਾਰਮ, ਟਰਾਨਸ ਕੌਰਪ ਫਰੇਟ ਵੇ (ਨਿੱਝਰ ਬ੍ਰਦਰਜ਼), ਏ ਵਨ ਰੀਐਲਟੀ (ਪ੍ਰੀਤਮ ਗਿੱਲ), ਅਮਰੀਕ ਉੱਪਲ, ਭਜਨ ਸਿੰਘ ਸਹੋਤਾ, ਦੀਪਾ ਚੌਹਾਨ ਬੁਲਡੌਗ ਫਰੇਟ ਵੇ, ਚਰਨਜੀਤ ਸਿੰਘ ਬਾਠ, ਜੀ ਬੀ ਟੀ ਆਈ., ਗਿੱਲ ਇੰਨਸ਼ੋਰੈਂਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ਼, ਪਰਮਜੀਤ ਸਿੰਘ ਬਾਸੀ, ਸੈਟੇਲਾਈਟ ਪਲੱਸ, ਸਿੱਖ ਨਾਮਧਾਰੀ ਸੋਸਾਇਟੀ, ਸਮਾਰਟਵੇ ਐਕਸਪ੍ਰੈੱਸ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਅੱਸ ਟਰਕਿੰਗ, ਰੌਇਲ ਸੰਗੂ ਗਰੁੱਪ, ਪੀ ਐਮ ਟਰੱਕਿੰਗ (ਗੁਰਪਾਲ ਰੰਧਾਵਾ), ਸੌਪ ਐਂਡ ਗੈਸ, ਬੋਪਾਰਾਏ ਟਰਾਂਸਪੋਰਟ, ਏ ਐ ਪੀ ਟਰੱਕਿੰਗ, ਬੀ ਡੀ ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਨਿੱਜਰ ਫਾਰਮ, ਸੰਘਾ ਕੈਰੀਅਰ, ਐਸ ਪੀ ਟਰੱਕਿੰਗ, ਯੂਨਾਈਟਿਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪਰਾਪਰਟੀਜ, ਤਰਲੋਕ ਸਿੰਘ, ਨਿਰਮਲ ਸਿੰਘ, ਐਸ ਐਮ ਬਰਦਰਜ਼ (ਕੈਸ਼ ਐਂਡ ਕੈਰੀ)।










**ਚਾਹ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

**ਇਸ ਪ੍ਰੋਗਰਾਮ ਦਾ ਦਾਖਲਾ ਅਤੇ ਪਾਰਕਿੰਗ ਮੁਫਤ ਹੈ**

ਗੁਰਦੀਪ ਸਿੰਘ ਗਿੱਲ
ਪ੍ਰਧਾਨ
(559) 360-4248

ਨਵਦੀਪ ਸਿੰਘ ਧਾਲੀਵਲ
ਵਾਈਸ ਪ੍ਰਧਾਨ
(559) 287-0822

ਸੁਰਿੰਦਰ ਮੰਢਾਲੀ
ਸੈਕਰੇਟਰੀ
(559) 473-9269

ਜਸਵੰਤ ਸਿੰਘ ਮਾਨ
ਖਜਾਨਚੀ

ਕੁਲਵੀਰ ਸਿੰਘ ਹੇਅਰ
(ਮੀਡੀਆ ਸਕੱਤਰ)
559-239-5000